SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post




To view our online newspaper visit **punjabipost.ca/epaper** | **Vol 24* Issue 57** | **Wednesday, 23 April 2025** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਹੈਮਿਲਟਨ 'ਚ ਭਾਰਤੀ ਮੂਲ ਦੀ ਵਿਦਿਆਰਥਣ ਦੀ ਗੋਲੀ ਲੱਗਣ ਨਾਲ ਮੌਤ ਹੋ ਜਾਣ 'ਤੇ ਪਰਿਵਾਰ ਸਦਮੇ 'ਚ

ਹੈਮਿਲਟਨ, 22 ਅਪ੍ਰੈਲ (ਪੋਸਟ ਬਿਊਰੋ): ਪਿਛਲੇ ਹਫ਼ਤੇ ਹੈਮਿਲਟਨ ਵਿੱਚ ਗੋਲੀ ਨਾਲ ਮਾਰੀ ਗਈ ਇੱਕ ਅੰਤਰਰਾਸ਼ਟਰੀ ਕਾਲਜ ਵਿਦਿਆਰਥਣ ਦੇ ਚਚੇਰੇ ਭਰਾ ਦਾ ਕਹਿਣਾ ਹੈ ਕਿ ਪਰਿਵਾਰ ਉਸ ਦੀ ਮੌਤ ਨਾਲ ਬਹੁਤ ਦੁਖੀ ਹੈ। ਬਲਰਾਜ ਸਿੰਘ ਦਾ ਕਹਿਣਾ ਹੈ ਕਿ ਹਰਸਿਮਰਤ ਰੰਧਾਵਾ ਦੇ ਮਾਪੇ ਆਪਣੀ ਇਕਲੌਤੀ ਧੀ ਦੀ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਨਾ ਤਾਂ ਖਾ ਸਕਦੇ ਹਨ ਅਤੇ ਨਾ ਹੀ ਸੌਂ ਸਕਦੇ ਹਨ। ਹੈਮਿਲਟਨ ਪੁਲਿਸ ਦਾ ਕਹਿਣਾ ਹੈ ਕਿ ਭਾਰਤੀ ਮੂਲ ਦੀ 21 ਸਾਲਾ ਮੋਹੌਕ ਕਾਲਜ ਦੀ ਵਿਦਿਆਰਥਣ ਰੰਧਾਵਾ ਇੱਕ ਬੱਸ ਦਾ ਇੰਤਜ਼ਾਰ ਕਰ ਰਹੀ ਸੀ, ਜਦੋਂ ਇੱਕ ਵਾਹਨ ਦੇ ਸਵਾਰਾਂ ਨੇ ਵੀਰਵਾਰ ਸ਼ਾਮ ਨੂੰ ਦੂਜੇ ਵਾਹਨ 'ਤੇ ਗੋਲੀਬਾਰੀ ਕੀਤੀ ਅਤੇ ਉਸ ਦੌਰਾਨ ਹਰਸਿਮਰਨ ਨੂੰ ਗੋਲੀ ਲੱਗ ਗਈ ਤੇ ਉਸਦੀ ਮੌਤ ਹੋ ਗਈ।



ਸਿੰਘ ਦਾ ਕਹਿਣਾ ਹੈ ਕਿ ਰੰਧਾਵਾ ਦੋ ਸਾਲ ਪਹਿਲਾਂ ਇੱਕ ਬਿਹਤਰ ਜ਼ਿੰਦਗੀ ਦੀ ਭਾਲ ਵਿੱਚ ਕੈਨੇਡਾ ਆਈ ਸੀ ਅਤੇ ਉਹ ਕਾਲਜ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਆਪਣਾ ਫਿਜ਼ੀਓਥੈਰੇਪੀ ਕਲੀਨਿਕ ਖੋਲ੍ਹਣਾ ਚਾਹੁੰਦੀ ਸੀ। ਪੁਲਿਸ ਦਾ ਕਹਿਣਾ ਹੈ ਕਿ ਜਾਂਚ ਜਾਰੀ ਹੈ ਅਤੇ ਉਨ੍ਹਾਂ ਗੋਲੀਬਾਰੀ ਬਾਰੇ ਜਾਣਕਾਰੀ ਵਾਲੇ ਕਿਸੇ ਵੀ ਵਿਅਕਤੀ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

## ਸ਼ਨੀਵਾਰ ਨੂੰ ਹੋਣਗੀਆਂ ਪੋਪ ਫਰਾਂਸਿਸ ਦੀ ਅੰਤਿਮ ਰਸਮਾਂ, ਤਿਆਰੀਆਂ ਸ਼ੁਰੂ

ਵੈਟੀਕਨ, 22 ਅਪ੍ਰੈਲ (ਪੋਸਟ ਬਿਊਰੋ): ਪੋਪ ਫਰਾਂਸਿਸ ਦੀ ਅੰਤਿਮ ਰਸਮਾਂ ਸ਼ਨੀਵਾਰ ਨੂੰ ਕੀਤੀਆਂ ਜਾਣਗੀਆਂ . ਵੈਟੀਕਨ ਨੇ ਅੰਤਿਮ ਰਸਮਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪੋਪ ਫਰਾਂਸਿਸ ਦੇ ਤਾਬੂਤ 'ਚ ਪਏ ਹੋਣ ਦੀ ਪਹਿਲੀ ਤਸਵੀਰ ਸਾਹਮਣੇ ਆਈ ਹੈ। ਫੋਟੋ 'ਚ, ਵੈਟੀਕਨ ਸਟੇਟ ਸੈਕਟਰੀ ਪੋਪ ਫਰਾਂਸਿਸ ਦੇ ਨੇੜੇ ਪ੍ਰਾਰਥਨਾ ਕਰਦੇ ਹੋਏ ਦਿਖਾਈ ਦੇ ਰਹੇ ਹਨ।



ਵੈਟੀਕਨ ਦੇ ਮੁਤਾਬਕ ਪੋਪ ਫਰਾਂਸਿਸ ਦੀਆਂ ਅੰਤਿਮ ਰਸਮਾਂ ਸ਼ਨੀਵਾਰ ਸਵੇਰੇ 10 ਵਜੇ ਹੋਵੇਗਾ। ਇਹ ਪ੍ਰਕਿਰਿਆ ਕਾਰਡੀਨਲਜ਼ ਕਾਲਜ ਦੇ ਡੀਨ ਦੁਆਰਾ ਕੀਤੀ ਜਾਵੇਗੀ ਅਤੇ ਕਾਰਡੀਨਲਾਂ ਨੇ ਬੁੱਧਵਾਰ ਸਵੇਰੇ ਸੇਂਟ ਪੀਟਰਜ਼ ਬੇਸਿਲਿਕਾ ਵਿਖੇ ਪੋਪ ਫਰਾਂਸਿਸ ਦੇ ਜਨਤਕ ਦਰਸ਼ਨ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਤਾਮਿਲਨਾਡੂ ਵਿਧਾਨ ਸਭਾ ਨੇ ਮਰਹੂਮ ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਇੱਕ ਸ਼ੋਕ ਮਤਾ ਪਾਸ ਕੀਤਾ।

ਪੋਪ ਫਰਾਂਸਿਸ ਦਾ 21 ਅਪ੍ਰੈਲ ਨੂੰ 88 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨੂੰ 'ਪੀਪੂਲਜ਼ ਪੋਪ' ਵਜੋਂ ਜਾਣਿਆ ਜਾਂਦਾ ਸੀ। ਉਹ ਲਾਤੀਨੀ ਅਮਰੀਕਾ ਤੋਂ ਪਹਿਲੇ ਪੋਪ ਸਨ। ਉਨ੍ਹਾਂ ਨੇ ਸਵੇਰੇ 7.30 ਵਜੇ (ਸਥਾਨਕ ਸਮੇਂ ਅਨੁਸਾਰ) ਆਪਣੇ ਨਿਵਾਸ ਸਥਾਨ, ਕਾਸਾ ਸਾਂਤਾ ਮਾਰਟਾ, ਵੈਟੀਕਨ ਵਿਖੇ ਆਖਰੀ ਸਾਹ ਲਿਆ। ਵੈਟੀਕਨ ਨਿਊਜ਼ ਦੇ ਅਨੁਸਾਰ, ਉਹ ਲੰਮੇ ਸਮੇਂ ਤੋਂ ਬਿਮਾਰ ਸਨ। ਕੱਲ੍ਹ, ਈਸਟਰ ਦੇ ਮੌਕੇ 'ਤੇ ਉਹ ਲੰਬੇ ਸਮੇਂ ਬਾਅਦ ਲੋਕਾਂ ਦੇ ਸਾਹਮਣੇ ਆਏ ਸਨ।

ਪੋਪ ਫਰਾਂਸਿਸ ਜੇਸੁਇਟ ਆਰਡਰ ਦੇ ਪਹਿਲੇ ਪੋਪ ਸਨ। ਉਹ 8ਵੀਂ ਸਦੀ ਤੋਂ ਬਾਅਦ ਯੂਰਪ ਤੋਂ ਬਾਹਰ ਦਾ ਪਹਿਲਾ ਪੋਪ ਸੀ। ਅਰਜਨਟੀਨਾ ਦੇ ਬਿਊਨਸ ਆਇਰਸ 'ਚ ਜੋਰਜ ਮਾਰੀਓ ਬਰਗੋਗਲੀਓ ਦੇ ਰੂਪ 'ਚ ਜਨਮੇ, ਪੋਪ ਫਰਾਂਸਿਸ ਨੂੰ 1969 ਵਿੱਚ ਕੈਥੋਲਿਕ ਪਾਦਰੀ ਨਿਯੁਕਤ ਕੀਤਾ ਗਿਆ ਸੀ।

## ਟ੍ਰੈਫਿਕ ਸਟਾਪ ਦੌਰਾਨ 20 ਹਜ਼ਾਰ ਡਾਲਰ ਦੇ ਮੁੱਲ ਦੇ ਨਸ਼ੀਲੇ ਪਦਾਰਥ ਜ਼ਬਤ



ਹੰਟਸਵਿਲ, 22 ਅਪ੍ਰੈਲ (ਪੋਸਟ ਬਿਊਰੋ): ਹੰਟਸਵਿਲ ਦੇ ਉੱਤਰ ਵਿੱਚ ਇੱਕ ਟ੍ਰੈਫਿਕ ਸਟਾਪ ਦੌਰਾਨ ਸੂਬਾਈ ਪੁਲਿਸ ਵੱਲੋਂ 20 ਹਜ਼ਾਰ ਡਾਲਰ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਜਾਣ ਤੋਂ ਬਾਅਦ ਦੋ ਵਿਅਕਤੀਆਂ 'ਤੇ ਦੋਸ਼ ਲਾਏ ਗਏ ਹਨ। ਪੁਲਸ ਅਧਿਕਾਰੀ ਅਲਮਾਗੁਇਨ ਹਾਈਲੈਂਡਜ਼ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਵੀਰਵਾਰ ਸ਼ਾਮ ਨੂੰ ਆਰਮਰ ਟਾਊਨਸ਼ਿਪ ਵਿੱਚ ਇੱਕ ਵਾਹਨ ਨੂੰ ਰੋਕਣ ਤੋਂ ਬਾਅਦ ਲਗਭਗ ਕੋਕੀਨ, ਮੇਥਾਮਫੇਟਾਮਾਈਨ ਅਤੇ ਆਕਸੀਕੋਡੋਨ ਦੀਆਂ ਗੋਲੀਆਂ ਜ਼ਬਤ ਕੀਤੀਆਂ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਟੋਮੈਟਿਕ ਲਾਇਸੈਂਸ ਪਲੇਟ ਪਛਾਣ ਪ੍ਰਣਾਲੀ ਰਾਹੀਂ ਇੱਕ ਮੁਅੱਤਲ ਡਰਾਈਵਰ ਬਾਰੇ ਸੁਚੇਤ ਕੀਤੇ ਜਾਣ ਤੋਂ ਬਾਅਦ ਹਾਈਵੇਅ 11 'ਤੇ ਟ੍ਰੈਫਿਕ ਸਟਾਪ ਕੀਤਾ। ਜਿਸ ਦੌਰਾਨ ਇਹ ਬਰਾਮਦਗੀ ਹੋਈ। ਵੈਸਟ ਨਿਪਿਸਿੰਗ ਦੇ ਸ਼ੱਕੀ ਕਈ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਅਪਰਾਧਾਂ ਦਾ ਸਾਹਮਣਾ ਕਰ ਰਹੇ ਹਨ।

## ਫਸਟ ਨੇਸ਼ਨਜ਼ ਦੇ ਨੇਤਾ ਅਤੇ ਜਸਿਟਸ ਐਡਵੋਕੇਟ ਲਾਰੈਂਸ ਜੋਸਫ ਦਾ 79 ਸਾਲ ਦੀ ਉਮਰ 'ਚ ਦੇਹਾਂਤ

ਸਸਕੈਚਵਨ, 22 ਅਪ੍ਰੈਲ (ਪੋਸਟ ਬਿਊਰੋ): ਸਸਕੈਚਵਨ ਵਿੱਚ ਨਿਆਂ ਅਤੇ ਪੁਲਿਸਿੰਗ ਵਿੱਚ ਸੁਧਾਰਾਂ ਲਈ ਇੱਕ ਅਗਾਂਹਵਧੂ ਵਕੀਲ, ਇੱਕ ਫਸਟ ਨੇਸ਼ਨਜ਼ ਨੇਤਾ ਲਾਰੈਂਸ ਜੋਸਫ਼, ਸਸਕ ਦਾ ਐਤਵਾਰ ਨੂੰ ਫੇਫੜਿਆਂ ਦੀ ਇੱਕ ਪੁਰਾਣੀ ਬਿਮਾਰੀ ਕਾਰਨ ਦੇਹਾਂਤ ਹੋ ਗਿਆਂ। ਬਿਗ ਰਿਵਰ ਫਸਟ ਨੇਸ਼ਨ ਦੇ ਮੈਂਬਰ ਜੋਸਫ਼, ਜਿਨ੍ਹਾਂ ਨੂੰ ਉਸ ਸਮੇਂ ਫੈਡਰੇਸ਼ਨ ਆਫ਼ ਸਸਕੈਚਵਨ ਇੰਡੀਅਨ ਨੇਸ਼ਨਜ਼ ਕਿਹਾ ਜਾਂਦਾ ਸੀ, ਦੇ ਮੁਖੀ ਅਤੇ ਉਪ-ਮੁਖੀ ਵਜੋਂ ਸੇਵਾ ਨਿਭਾਈ। ਆਪਣੇ ਕਾਰਜਕਾਲ ਦੌਰਾਨ, ਉਹ ਬਦਨਾਮ ਸਟਾਰਲਾਈਟ ਟੂਰ ਦੀ ਜਾਂਚ ਦੀ ਮੰਗ ਕਰਨ ਵਾਲੀ ਇੱਕ ਮੁੱਖ ਆਵਾਜ਼ ਸਨ, ਜਿਸਨੇ ਆਉਣ ਵਾਲੇ ਦਹਾਕੇ ਇੱਕ ਸਿਵਲੀਅਨ ਪੁਲਿਸ ਨਿਗਰਾਨੀ ਸੰਸਥਾ ਦੀ ਸਿਰਜਣਾ ਦੀ ਵਕਾਲਤ ਕਰਦਿਆਂ ਬਿਤਾਏ।



ਉਨ੍ਹਾਂ ਦੀ ਬੇਟੀ ਤ੍ਰਿਨਾ ਨੇ ਸੋਮਵਾਰ ਨੂੰ ਦੱਸਿਆ ਕਿ ਪਿਤਾ ਦੀ ਮੌਤ ਐਤਵਾਰ ਰਾਤ ਨੂੰ ਉਨ੍ਹਾਂ ਦੇ ਘਰ ਵਿੱਚ ਪਰਿਵਾਰ ਨਾਲ ਈਸਟਰ ਬਿਤਾਉਣ ਤੋਂ ਬਾਅਦ ਹੋਈ। ਉਨ੍ਹਾਂ ਕਿਹਾ ਕਿ ਬਿਮਾਰੀ ਵਿਚ ਵੀ ਪਿਤਾ ਨੇ ਇਹ ਯਕੀਨੀ ਬਣਾਇਆ ਕਿ ਪਰਿਵਾਰ ਈਸਟਰ ਰਾਤ ਦੇ ਖਾਣੇ ਲਈ ਇਕੱਠਾ ਹੋਵੇ। ਜੋਸਫ਼ ਨੇ ਰਾਜਨੀਤਿਕ ਜੀਵਨ ਵਿੱਚ ਦਾਖਲ ਹੋਣ ਤੋਂ ਪਹਿਲਾਂ ਲਗਭਗ 30 ਸਾਲ ਜਨਤਕ ਸੇਵਾ ਵਿੱਚ ਬਿਤਾਏ, ਜਿਸ ਵਿੱਚ ਕੈਨੇਡੀਅਨ ਫੌਜਾਂ ਵਿੱਚ ਸੇਵਾ ਕਰਨਾ, ਪ੍ਰਿੰਸ ਅਲਬਰਟ ਵਿੱਚ ਸਸਕੈਚਵਨ ਜੇਲ੍ਹ ਵਿੱਚ ਇੱਕ ਸੁਧਾਰ ਕਰਮਚਾਰੀ ਵਜੋਂ ਕੰਮ ਕਰਨਾ ਅਤੇ ਭਾਰਤੀ ਮਾਮਲਿਆਂ ਦੇ ਵਿਭਾਗ ਲਈ ਕੰਮ ਕਰਨਾ ਸ਼ਾਮਲ ਹੈ।












# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਗੀਤਕਾਰ ਤੇ ਗ਼ਜ਼ਲਗੋ ਚਾਨਣ ਗੋਬਿੰਦਪੁਰੀ ਦੀ ਬੇਟੀ ਉਰਮਿਲ ਪ੍ਰਕਾਸ਼ ਨਾਲ ਰਚਾਇਆ ਰੂ-ਬ-ਰੂ



## ਕਵੀ-ਦਰਬਾਰ ਵੀ ਹੋਇਆ

ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 20 ਅਪ੍ਰੈਲ ਨੂੰ ਕੈਨੇਡੀਆਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਪੰਜਾਬੀ ਦੇ ਉੱਘੇ ਗੀਤਕਾਰ ਤੇ ਗ਼ਜ਼ਲਗੋ ਸ੍ਰੀ ਚਾਨਣ ਗੋਬਿੰਦਪੁਰੀ ਦੀ ਸਪੁੱਤਰੀ ਨਾਲ ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਤੇ ਗੀਤਕਾਰੀ ਬਾਰੇ ਖੁੱਲ੍ਹੀਆਂ ਗੱਲਾਂ-ਬਾਤਾਂ ਕੀਤੀਆਂ ਗਈਆਂ। ਇਹ ਸਮਾਗ਼ਮ ਵਿਸਾਖੀ ਦੇ ਸ਼ੁਭ ਦਿਹਾੜੇ ਤੇ ਖਾਲਸਾ ਹੈਰੀਟੇਜ ਮੰਥ ਨੂੰ ਸਮੱਰਪਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਉਰਮਿਲ ਪ੍ਰਕਾਸ਼ ਦੇ ਨਾਲ ਕੰਮਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਤੇ ਮੀਤਾ ਖੰਨਾ ਸੁਸ਼ੋਭਿਤ ਸਨ।

ਸਮਾਗ਼ਮ ਦੀ ਸ਼ੁਰੂਆਤ ਇਕਬਾਲ ਬਰਾੜ ਵੱਲੋਂ ਚਾਨਣ ਗੋਬਿੰਦਪੁਰੀ ਦੇ ਲਿਖੇ ਹੋਏ ਗੀਤ 'ਟੁੱਟ ਗਈ ਤੜੱਕ ਕਰਕੇ' ਦੇ ਗਾਇਨ ਨਾਲ ਕਰਨ ਤੋਂ ਬਾਅਦ ਮੰਚ-ਸੰਚਾਲਕ ਡਾ. ਜਗਮੋਹਨ ਸਿੰਘ ਸੰਘਾ ਨੇ ਮਲੂਕ ਸਿੰਘ ਕਾਹਲੋਂ ਨੂੰ ਆਏ ਮਹਿਮਾਨਾਂ, ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਨੂੰ 'ਜੀ-ਆਇਆਂ' ਕਹਿਣ ਲਈ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਚਾਨਣ ਗੋਬਿੰਦਪੁਰੀ ਬਾਰੇ ਦੱਸਦਿਆਂ ਹੋਇਆਂ ਕਿਹਾ ਕਿ ਉਹ ਇਕ ਮਹਾਨ ਗੀਤਕਾਰ ਤੇ ਗ਼ਜ਼ਲਗੋ ਸਨ ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਲੋਕ ਹੁਣ ਉਨ੍ਹਾਂ ਵੱਲੋਂ ਪੰਜਾਬੀ ਬੋਲੀ ਲਈ ਪਾਏ ਗਏ ਯੋਗਦਾਨ ਨੂੰ ਭੁੱਲਦੇ ਜਾ ਰਹੇ ਹਨ। ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਖਾਲਸੇ ਦੀ ਸਿਰਜਣਾ ਅਤੇ ਖਾਲਸਾ ਹੈਰੀਟੇਜ ਮੰਥ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਪ੍ਰੋ. ਤਲਵਿੰਦਰ ਮੰਡ ਨੇ ਫ਼ਰਵਰੀ ਮਹੀਨੇ ਦੌਰਾਨ ਲਹਿੰਦੇ ਪੰਜਾਬ ਦੀ ਯਾਤਰਾ ਬਾਰੇ ਸੰਖੇਪ ਵਿੱਚ ਗੱਲ ਕਰਦਿਆਂ ਦੱਸਿਆ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਜਨਮ-ਅਸਥਾਨ ਦੇ ਪਿੰਡ ਬੰਗਾ ਚੱਕ ਨੰਬਰ 105 ਦੇ ਸਰਕਾਰੀ ਪ੍ਰਾਇਮਰੀ ਸਕੂਲ ਜਿੱਥੇ ਉਨ੍ਹਾਂ ਨੇ ਚੌਥੀ ਜਮਾਤ ਤੱਕ ਪੜ੍ਹਾਈ ਕੀਤੀ, ਦੀ ਹਾਲਤ ਅੱਜਕੱਲ੍ਹ ਬੜੀ ਖ਼ਸਤਾ ਹੈ ਅਤੇ ਉੱਥੇ ਹੁਣ ਗ਼ਰੀਬ ਮਾਪਿਆਂ ਦੇ ਬੱਚੇ ਹੀ ਪੜ੍ਹਦੇ ਹਨ। ਉਨ੍ਹਾਂ ਉਸ ਸਕੂਲ ਦੇ ਵਿਦਿਆਰਥੀਆਂ ਦੀਆਂ ਵਰਦੀਆਂ, ਆਦਿ ਬਨਾਉਣ ਲਈ ਵਿੱਤੀ ਯੋਗਦਾਨ ਪਾਉਣ ਬਾਰੇ ਵੀ ਕਿਹਾ। ਉਨ੍ਹਾਂ ਦੀ ਇਸ ਬੇਨਤੀ ਦੇ ਮੱਦੇਨਜ਼ਰ ਹਾਜ਼ਰੀਨ ਵਿੱਚੋਂ ਕਈਆਂ ਵੱਲੋਂ ਮੌਕੇ 'ਤੇ ਹੀ ਸਕੂਲ ਦੇ ਵਿਦਿਆਰਥੀਆਂ ਲਈ ਮਾਇਕ ਸਹਾਇਤਾ ਇਕੱਠੀ ਹੋ ਗਈ।

ਸ਼੍ਰੀਮਤੀ ਉਰਮਿਲ ਪ੍ਰਕਾਸ਼ ਨੇ ਆਪਣੇ ਬਾਪ ਚਾਨਣ ਗੋਬਿੰਦਪੁਰੀ ਬਾਰੇ ਗੱਲ ਕਰਦਿਆਂ ਹੋਇਆਂ ਕਿਹਾ ਕਿ ਮਾਪਿਆਂ ਵੱਲੋਂ ਦਿੱਤਾ ਗਿਆ ਉਨ੍ਹਾਂ ਦਾ ਨਾਂ ਚਾਨਣ ਰਾਮ ਕਲੇਰ ਸੀ। ਉਨ੍ਹਾਂ ਦਾ ਜਨਮ ਬੰਗਿਆਂ ਦੇ ਨੇੜਲੇ ਪਿੰਡ ਗੋਬਿੰਦ-ਪੁਰਾ ਵਿੱਚ 5 ਫ਼ਰਵਰੀ 1924 ਵਿੱਚ ਹੋਇਆ ਤੇ 29 ਜਨਵਰੀ 2006 ਵਿੱਚ ਉਹ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੱਸਿਆ ਕਿ ਸਮਾਗ਼ਮ ਦੇ ਆਰੰਭ ਵਿੱਚ ਇਕਬਾਲ ਬਰਾੜ ਵੱਲੋਂ ਗਾਇਆ ਗਿਆ ਗੀਤ 'ਟੁੱਟ ਗਈ ਤੜੱਕ ਕਰਕੇ' ਉਨ੍ਹਾਂ ਵੱਲੋਂ 1943 ਵਿੱਚ ਰਿਕਾਰਡ ਕਰਵ-ਾਇਆ ਗਿਆ। ਉਨ੍ਹਾਂ ਦੇ ਲਿਖੇ ਗੀਤ ਆਲਮ ਲੋਹਾਰ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਤ੍ਰਿਲੋਕ ਕਪੂਰ, ਗੁਰਦਾਸ ਮਾਨ ਤੇ ਕਈ ਹੋਰ ਗਾਇਕਾਂ ਵੱਲੋਂ ਗਾਏ ਗਏ। ਉਨ੍ਹਾਂ ਕਿਹਾ ਕਿ ਬੜੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਗਾਇਕਾਂ ਨੂੰ ਤਾਂ ਯਾਦ ਰੱਖਦੇ ਹਾਂ ਪਰ ਗੀਤਕਾਰਾਂ ਨੂੰ ਭੁੱਲ ਜਾਂਦੇ ਹਾਂ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਗੀਤਾਂ ਦੀ ਪਹਿਲੀ ਕਿਤਾਬ 'ਗੁਲਜ਼ਾਰ-ਏ-ਗ਼ਜ਼ਲ' 1966 ਵਿੱਚ ਛਪੀ। ਉਹ 'ਦਾਗ਼ ਸਕੂਲ' ਦੀ ਆਖ਼ਰੀ ਨਿਸ਼ਾਨੀ ਸਨ। ਉਨ੍ਹਾਂ ਨੇ ਸਰੋਤਿਆਂ ਨਾਲ ਆਪਣੇ ਬਾਪ ਦੀ ਯਾਦ ਵਿੱਚ ਬਣਾਏ ਗਏ 'ਚਾਨਣ ਗੋਬਿੰਦਪੁਰੀ ਟਰੱਸਟ' ਬਾਰੇ ਵੀ ਜਾਣਕਾਰੀ ਸਾਂਝੀ ਕੀਤੀਜਿਸ ਦੇ ਵੱਲੋਂ ਹਰ ਸਾਲ ਉੱਭਰਦੇ ਗ਼ਜ਼ਲਗੋ ਨੂੰ 'ਚਾਨਣ ਗੋਬਿੰਦਪੁਰੀ ਐਵਾਰਡ' ਪ੍ਰਦਾਨ ਕੀਤਾ ਜਾਂਦਾ ਹੈ। ਡਾ. ਜਗਮੋਹਨ ਸੰਘਾ, ਡਾ. ਹਰਕੰਵਲ ਕੋਰਪਾਲ, ਮੀਤਾ ਖੰਨਾ ਤੇ ਹੋਰਨਾਂ ਵੱਲੋਂ ਪੁੱਛੇ ਗਏ ਸੁਆਲਾਂ ਦੇ ਜਵਾਬ ਉਰਮਿਲ ਪ੍ਰਕਾਸ਼ ਵੱਲੋਂ ਬੜੇ ਵਧੀਆ ਢੰਗ ਨਾਲ ਦਿੱਤੇ ਗਏ।




ਸਮਾਗ਼ਮ ਦੇ ਦੂਸਰੇ ਭਾਗ ਕਵੀ-ਦਰਬਾਰ ਦੇ ਪ੍ਰਧਾਨਗੀ-ਮੰਡਲ ਵਿੱਚ ਉੱਘੇ ਕਵੀ ਪ੍ਰੀਤਮ ਧੰਜਲ, ਗ਼ਜ਼ਲਗੋ ਗਿਆਨ ਸਿੰਘ ਦਰਦੀ,ਦੀਪ ਕੁਲਦੀਪ, ਸੁਖਚਰਨਜੀਤ ਗਿੱਲ ਤੇ ਸਤਵੰਤਕੌਰ ਕਲੋਟੀ ਸ਼ਾਮਲ ਸਨ। ਇਸ ਦਾ ਸੰਚਾਲਨ ਕਰ ਰਹੇ ਪਰਮਜੀਤ ਸਿੰਘ ਢਿੱਲੋਂ ਨੇ ਸੱਭ ਤੋਂ ਪਹਿਲਾਂ ਪਿਛਲੇ ਦਿਨੀਂ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਉੱਘੇ ਗ਼ਜ਼ਲਗੋ ਐੱਸ. ਕੇ. ਭਨੋਟ ਤੇ ਨਦੀਮ ਪਰਮਾਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਫਿਰ ਸਾਰਿਆਂ ਵੱਲੋਂ ਖੜੇ ਹੋ ਕੇਦੋ ਮਿੰਟ ਦਾ ਮੋਨ ਧਾਰਨ ਕੀਤਾ ਗਿਆ। ਉਪਰੰਤ, ਮੀਤਾ ਖੰਨਾ ਨੇ ਚਾਨਣ ਗੋਬਿੰਦਪੁਰੀ ਦੀ ਗ਼ਜ਼ਲ 'ਉਹ ਬੜਾ ਬੇ-ਲਿਹਾਜ਼ ਕੀ ਕਰੀਏ' ਗਾਈ ਅਤੇ ਫਿਰ ਰਾਜ ਕੁਮਾਰ ਓਸ਼ੋਰਾਜ, ਮਕਸੂਦ ਚੌਧਰੀ, ਰਮਿੰਦਰ ਰੰਮੀ, ਸੁਰਿੰਦਰ ਸੂਰ, ਸੁਜਾਨ ਸਿੰਘ ਸੁਜਾਨ, ਜਸਪਾਲ ਦੇਸੂਵੀ, ਜਗੀਰ ਸਿੰਘ ਕਾਹਲੋਂ, ਪੰਜਾਬ ਸਿੰਘ ਕਾਹਲੋਂ, ਕਰਨ ਚੌਹਾਨ, ਹਰਦਿਆਲ ਸਿੰਘ ਝੀਤਾ, ਹਰਕੰਵਲ ਕੋਰਪਾਲ, ਗੁਰਦੀਪ ਰੰਧਾਵਾ, ਤਾਹਿਰਾ ਸਰਾ, ਗਿਆਨ ਸਿੰਘ ਦਰਦੀ, ਪ੍ਰੀਤਮ ਧੰਜਲ, ਰਿੰਟੂ ਭਾਟੀਆ, ਦੀਪ ਕੁਲਦੀਪ, ਜੱਸੀ ਭੁੱਲਰ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਕਰਨ ਅਜਾਇਬ ਸਿੰਘ ਸੰਘਾ, ਜਗਮੋਹਨ ਸਿੰਘ ਸੰਘਾ, ਡਾ. ਇੰਦਰਜੀਤ, ਸੁਰਿੰਦਰਜੀਤ ਕੌਰ, ਸੁਖਚਰਨਜੀਤ ਗਿੱਲ, ਮਲੂਕ ਸਿੰਘ ਕਾਹਲੋਂ ਤੇ ਕਈ ਹੋਰਨਾਂ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ।



ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਉਰਮਿਲ ਪ੍ਰਕਾਸ਼ ਨੂੰ ਸਰਟੀਫ਼ੀਕੇਟ ਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ, ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਮੁੱਖ-ਮਹਿਮਾਨ ਉਰਮਿਲ ਪ੍ਰਕਾਸ਼, ਸਮੂਹ ਬੁਲਾਰਿਆਂ, ਕਵੀਆਂ/ਕਵਿੱਤਰੀਆਂ ਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਦੀ ਸੇਵਾ 'ਐੱਨ.ਆਰ.ਆਈ. ਟੀ.ਵੀ.' ਦੇ ਸੰਚਾਲਕ ਪੰਜਾਬ ਸਿੰਘ ਕਾਹਲੋਂ ਵੱਲੋਂ ਨਿਭਾਈ ਗਈ।

ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਕਰਨੈਲ ਸਿੰਘ ਮਰਵਾਹਾ,ਪ੍ਰੋ. ਸਿਕੰਦਰ ਸਿੰਘ ਗਿੱਲ, ਡਾ. ਗੁਰਚਰਨ ਸਿੰਘ ਤੂਰ, ਸੁਰਿੰਦਰਪਾਲ ਸਿੰਘ ਘੱਗ, ਸ਼ਮਸ਼ੇਰ ਸਿੰਘ, ਹਰਜੀਤ ਸਿੰਘ ਬਾਜਵਾ, ਗੁਰਪ੍ਰੀਤ ਬਟਾਲਵੀ, ਪ੍ਰਭਦਿਆਲ ਸਿੰਘ ਖੰਨਾ, ਜਸਵਿੰਦਰ ਸਿੰਘ ਸੰਘਾ, ਸੁਰਿੰਦਰਜੀਤ ਸਿੰਘ, ਪਾਕਿਸਤਾਨ ਤੋਂ ਮਿਸ ਤਨਜ਼ਿਲਾ ਅਨਿਲ,ਉਰਮਿਲ ਪ੍ਰਕਾਸ਼ ਦੀ ਭੈਣ ਪ੍ਰਿਅੰਕਾ, ਨੀਲਮ ਕੋਰਪਾਲ, ਸਰਬਜੀਤ ਕਾਹਲੋਂਸਮੇਤ ਕਈ ਹੋਰ ਸ਼ਾਮਲ ਸਨ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9

# ਟੋਰਾਂਟੋ ਪੁਲਿਸ ਅਧਿਕਾਰੀ ਵੱਲੋਂ ਵਾਹਨ 'ਤੇ ਗੋਲੀਬਾਰੀ, ਇੱਕ ਵਿਅਕਤੀ ਗੰਭੀਰ ਜ਼ਖਮੀ

ਟੋਰਾਂਟੋ, 22 ਅਪ੍ਰੈਲ (ਪੋਸਟ ਬਿਊਰੋ): ਉੱਤਰੀ ਯੌਰਕ ਵਿੱਚ ਐਤਵਾਰ ਨੂੰ ਟ੍ਰੈਫਿਕ ਸਟਾਪ 'ਤੇ ਪੁਲਿਸ ਅਧਿਕਾਰੀ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਜਿਸ ਦੀ ਕਿ ਓਂਟਾਰੀਓ ਦਾ ਪੁਲਿਸ ਵਾਚਡੌਗ ਜਾਂਚ ਕਰ ਰਿਹਾ ਹੈ। ਇਹ ਘਟਨਾ ਬਾਥਰਸਟ ਸਟਰੀਟ ਅਤੇ ਸ਼ੇਪਾਰਡ ਐਵੇਨਿਊ ਵੈਸਟ ਦੇ ਨੇੜੇ ਰਾਤ 10:50 ਵਜੇ ਦੇ ਕਰੀਬ ਵਾਪਰੀ। ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਵੱਲੋਂ ਜਾਰੀ ਇੱਕ ਨਿਊਜ਼ ਰਿਲੀਜ਼ ਅਨੁਸਾਰ, ਟੋਰਾਂਟੋ ਦੇ ਇੱਕ ਪੁਲਿਸ ਅਧਿਕਾਰੀ ਨੇ ਹਾਈਵੇਅ ਟ੍ਰੈਫਿਕ ਐਕਟ ਦੀ ਉਲੰਘਣਾ ਲਈ ਖੇਤਰ ਵਿੱਚ ਇੱਕ ਕਾਰ ਨੂੰ ਰੋਕਿਆ। ਗੱਲਬਾਤ ਹੋਈ ਅਤੇ ਦੋ ਪੁਲਿਸ ਅਧਿਕਾਰੀਆਂ ਨੇ ਗੋਲੀਬਾਰੀ ਕੀਤੀ। ਜਿਸ ਵਿਚ ਕਿ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ। ਉਸਨੂੰ ਹਸਪਤਾਲ ਲਿਜਾਇਆ ਗਿਆ। ਉਸ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।



ਘਟਨਾ ਸਥਾਨ ਤੋਂ ਪ੍ਰਾਪਤ ਤਸਵੀਰਾਂ

ਵਿੱਚ ਇੱਕ ਵਾਹਨ ਦੀ ਵਿੰਡਸ਼ੀਲਡ ਵਿੱਚ ਕਈ ਗੋਲੀਆਂ ਦੇ ਛੇਕ ਦਿਖਾਈ ਦਿੰਦੇ ਹਨ, ਜਿਸਦੀ ਇਨਵੈਸਟੀਗੇਸ਼ਨ ਯੂਨਿਟ ਨੇ ਬਾਅਦ ਵਿੱਚ ਪੁਸ਼ਟੀ ਕੀਤੀ। ਜਾਣਕਾਰੀ ਅਨੁਸਾਰ ਰੋਕੀ ਗਈ ਗੱਡੀ ਵਿੱਚ ਕੁੱਲ ਛੇ ਜਣੇ ਸਵਾਰ ਸਨ। ਕਾਰ ਮਾਲਕ ਦੀ ਵੀ ਪਛਾਣ ਨਹੀਂ ਹੋਈ ਹੈ। ਜਾਂਚ ਲਈ ਪੰਜ ਜਾਂਚਕਰਤਾਵਾਂ ਅਤੇ ਦੋ ਫੋਰੈਂਸਿਕ ਜਾਂਚਕਰਤਾਵਾਂ ਨੂੰ ਨਿਯੁਕਤ ਕੀਤਾ ਹੈ। ਦੋ ਵਿਸ਼ਾ ਅਧਿਕਾਰੀ ਅਤੇ ਦੋ ਗਵਾਹ ਅਧਿਕਾਰੀਆਂ ਨੂੰ ਵੀ ਨਿਯੁਕਤ ਕੀਤਾ ਗਿਆ ਹੈ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਏਸਾ ਟਾਊਨਸ਼ਿਪ ਦੇ ਘਰ ਵਿੱਚ ਅੱਗ ਲੱਗਣ ਨਾਲ ਇੱਕ ਵਿਅਕਤੀ ਦੀ ਮੌਤ

ਓਟਵਾ, 22 ਅਪ੍ਰੈਲ (ਪੋਸਟ ਬਿਊਰੋ): ਸੂਬਾਈ ਪੁਲਿਸ ਨੇ ਪਿਛਲੇ ਹਫ਼ਤੇ ਏਸਾ ਟਾਊਨਸ਼ਿਪ ਵਿੱਚ ਇੱਕ ਘਰ ਵਿੱਚ ਅੱਗ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਮੰਗਲਵਾਰ ਨੂੰ ਨੌਵੀਂ ਲਾਈਨ 'ਤੇ ਇੱਕ ਘਰ ਵਿੱਚ ਅੱਗ ਲੱਗ ਗਈ, ਜਿਸਦੀ ਛੱਤ ਤੋਂ ਸੰਘਣਾ ਧੂੰਆਂ ਉੱਠ ਰਿਹਾ ਸੀ। ਇੱਕ ਫਾਇਰ ਅਧਿਕਾਰੀ ਨੇ ਕਿਹਾ ਕਿ ਅੱਗ ਲੱਗਣ ਕਾਰਨ ਕਰਮਚਾਰੀਆਂ ਨੂੰ ਘਰ ਦੇ ਅੰਦਰਲੇ ਹਿੱਸੇ ਦੀ ਖੋਜ ਕਰਨ ਵਿੱਚ ਮੁਸ਼ਕਲ ਆਈ। ਉਹ ਘਰ ਦੇ ਮਾਲਕ ਨਾਲ ਸੰਪਰਕ ਕਰਨ ਵਿੱਚ ਵੀ ਅਸਮਰੱਥ ਸਨ। ਸ਼ੁਰੂ ਵਿੱਚ ਅਧਿਕਾਰੀਆਂ ਨੇ



ਕਿਹਾ ਕਿ ਅੱਗ ਨੂੰ ਸ਼ੱਕੀ ਮੰਨਿਆ ਜਾ ਰਿਹਾ ਸੀ, ਪਰ ਸੋਮਵਾਰ ਨੂੰ ਲਗਭਗ ਇੱਕ ਹਫ਼ਤੇ ਬਾਅਦ ਜਾਂਚ ਦੌਰਾਨ ਅੱਗ ਦੇ ਕਾਰਨਾਂ ਦੀ ਪੁਸ਼ਟੀ ਹੋ ਗਈ, ਜਿਸਦਾ ਕਿ ਖੁਲਾਸਾ ਹਾਲੇ ਨਹੀਂ ਕੀਤਾ ਗਿਆ।

ਮ੍ਰਿਤਕ ਦੀ ਪਛਾਣ ਦਾ ਵੀ ਖੁਲਾਸਾ ਨਹੀਂ ਕੀਤਾ ਗਿਆ ਹੈ। ਘਰ ਦੇ ਅੰਦਰ ਦੋ ਬਿੱਲੀਆਂ ਵੀ ਮ੍ਰਿਤਕ ਪਾਈਆਂ ਗਈਆਂ ਸਨ. ਜਦੋਂ ਕਿ ਇੱਕ ਖਰਗੋਸ਼ ਬਚ ਗਿਆ। ਪੁਲਿਸ ਦਾ ਕਹਿਣਾ ਹੈ ਕਿ ਓਨਟਾਰੀਓ ਫਾਇਰ ਮਾਰਸ਼ਲ ਨੋਟਾਵਾਸਾਗਾ ਓਪੀਪੀ ਅਤੇ ਮੁੱਖ ਕੋਰੋਨਰ ਅਤੇ ਫੋਰੈਂਸਿਕ ਪੈਥੋਲੋਜੀ ਸੇਵਾ ਦੇ ਨਾਲ ਜਾਂਚ ਜਾਰੀ ਰੱਖ ਰਹੇ ਹਨ।

# ਕੈਲੀਫੋਰਨੀਆ ਪੁਲਿਸ ਨਾਲ ਗੋਲੀਬਾਰੀ ’ਚ ਐੱਨ.ਟੀ.ਵੀ. ਦੇ ਐਗਜ਼ੈਕਟਿਵ ਦੇ ਪੁੱਤਰ ਦੀ ਮੌਤ

ਸੇਂਟ ਜੌਨਸ, 22 ਅਪ੍ਰੈਲ (ਪੋਸਟ ਬਿਊਰੋ): ਨਿਊਫਾਊਂਡਲੈਂਡ ਬ੍ਰਾਡਕਾਸਟਿੰਗ ਕੰਪਨੀ ਦੇ ਐਗਜ਼ੈਕਟਿਵ ਸਕਾਟ ਸਟਰਲਿੰਗ ਦੇ ਪੁੱਤਰ 45 ਸਾਲਾ ਜੈਫਰੀ ਸ਼ਿਆਮ ਸਟਰਲਿੰਗ ਦੀ ਨਿਊਪੋਰਟ ਬੀਚ, ਕੈਲੀਫੋਰਨੀਆ ਵਿੱਚ ਪੁਲਿਸ ਨਾਲ ਝਗੜੇ ਦੌਰਾਨ ਗੋਲੀ ਲੱਗਣ ਨਾਲ ਮੌਤ ਹੋ ਗਈ।

ਐਗਜ਼ੈਕਟਿਵ ਦੇ ਪੁੱਤਰ ਨੂੰ ਨਿਊਪੋਰਟ ਬੀਚ ਪੁਲਿਸ ਨੇ ਬੀਤੇ ਦਿਨੀਂ ਮੋਟਰਸਾਈਕਲ ਚਲਾਉਂਦੇ ਸਮੇਂ ਟ੍ਰੈਫਿਕ ਉਲੰਘਣਾ ਕਰਨ ‘ਤੇ ਰੋਕਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਸਟਰਲਿੰਗ ਸਹਿਯੋਗ ਨਹੀਂ ਕੀਤਾ ਤੇ ਪੁਲਸ ਅਧਿਕਾਰੀ ‘ਤੇ ਹੀ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਜਵਾਬੀ ਕਾਰਵਾਈ ਵਿਚ ਉਸ ਦੀ ਗੋਲੀ ਲੱਗਣ ਨਾਲ ਮੌਤ ਜੋ



ਗਈ।

ਪੁਲਿਸ ਦੇ ਅਨੁਸਾਰ ਸਟਰਲਿੰਗ ਦਾ ਮੌਕੇ 'ਤੇ ਇਲਾਜ ਕੀਤਾ ਗਿਆ ਅਤੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਨਿਊਫਾਊਂਡਲੈਂਡ ਬ੍ਰੌਡਕਾਸਟਿੰਗ ਕੰਪਨੀ ਦੇ ਜਨਰਲ ਮੈਨੇਜਰ ਲਿੰਡਸੇ ਐਂਡਰਿਊਜ਼ ਨੇ ਇੱਕ ਬਿਆਨ ਵਿੱਚ ਕਿਹਾ ਕਿ ਕੰਪਨੀ ਦੀ ਇਸ ਦੁੱਖ ਦੀ ਘੜੀ ਵਿਚ ਸਟਰਲਿੰਗ ਪਰਿਵਾਰ ਨਾਲ ਹਮਦਰਦੀ ਹੈ।

# ਅਮਰੀਕੀ ਉਪ ਰਾਸ਼ਟਰਪਤੀ ਨੇ ਪਰਿਵਾਰ ਸਮੇਤ ਵੇਖਿਆ ਆਮੇਰ ਦਾ ਕਿਲ੍ਹਾ

ਜੈਪੁਰ, 22 ਅਪ੍ਰੈਲ (ਪੋਸਟ ਬਿਊਰੋ): ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਅੱਜ ਆਪਣੇ ਪਰਿਵਾਰ ਸਮੇਤ ਜੈਪੁਰ ਦੇ ਆਮੇਰ ਕਿਲ੍ਹੇ ਦਾ ਦੌਰਾ ਕੀਤਾ। ਉਪ ਰਾਸ਼ਟਰਪਤੀ ਜੇਡੀ ਵੈਂਸ ਨੂੰ ਆਪਣੀ ਧੀ ਨੂੰ ਗੋਦੀ ‘ਚ ਲੈ ਕੇ ਘੁੰਮਦੇ ਦੇਖਿਆ ਗਿਆ।

ਵੈਂਸ ਜੀਪ ਰਾਹੀਂ ਜੈਪੁਰ ਸ਼ਹਿਰ ਤੋਂ ਲਗਭਗ 10 ਕਿਲੋਮੀਟਰ ਦੂਰ ਅਰਾਵਲੀ ਪਹਾੜੀਆਂ ‘ਤੇ ਸਥਿਤ ਆਮੇਰ ਕਿਲ੍ਹੇ ‘ਤੇ ਪਹੁੰਚਿਆ। ਦੋ ਹਾਥੀਆਂ (ਚੰਦਾ ਅਤੇ ਪੁਸ਼ਪਾ) ਨੇ ਆਮੇਰ ਕਿਲ੍ਹੇ ਦੇ ਜਲੇਬ ਚੌਕ ’ਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਲੋਕ ਕਲਾਕਾਰਾਂ ਨੇ ਕੱਚੀ ਘੋੜੀ, ਘੂਮਰ ਅਤੇ ਕਾਲਬੇਲੀਆ ਨਾਚ ਪੇਸ਼ ਕਰਕੇ ਉਨ੍ਹਾਂ ਦਾ ਸਵਾਗਤ ਵੀ ਕੀਤਾ। ਇਸ ਤੋਂ ਬਾਅਦ ਮੁੱਖ ਮੰਤਰੀ ਭਜਨਲਾਲ ਸ਼ਰਮਾ ਅਤੇ ਉਪ ਮੁੱਖ ਮੰਤਰੀ ਦੀਆ ਕੁਮਾਰੀ ਨੇ ਵੈਂਸ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ।

ਵੈਂਸ ਰੇਤਲੇ ਪੱਥਰ, ਸੰਗਮਰਮਰ ਅਤੇ ਪੀਲੇ ਪੱਥਰ ਨਾਲ ਬਣੇ ਆਮੇਰ



ਕਿਲ੍ਹੇ ‘ਚ ਲਗਭਗ ਡੇਢ ਘੰਟੇ ਰੁਕਿਆ। ਉਨ੍ਹਾਂ ਨੇ ਕਿਲ੍ਹੇ ‘ਚ ਦੀਵਾਨ-ਏ-ਆਮ, ਗਣੇਸ਼ ਪੋਲ, ਸ਼ੀਸ਼ ਮਹਿਲ ਅਤੇ ਮਾਨ ਸਿੰਘ ਮਹਿਲ ਦੇਖੇ। ਵੈਂਸ ਨੇ ਆਪਣੀ ਧੀ ਨੂੰ ਆਪਣੀਆਂ ਬਾਹਾਂ ‘ਚ ਫੜ ਕੇ ਕਿਲ੍ਹਾ ਦਿਖਾਇਆ। ਪੂਰਾ ਕਿਲ੍ਹਾ ਦੇਖਣ ਤੋਂ ਬਾਅਦ, ਸਵੇਰੇ ਲਗਭਗ 11:30 ਵਜੇ, ਵੈਂਸ ਆਪਣੇ ਪਰਿਵਾਰ ਨਾਲ ਆਮੇਰ ਕਿਲ੍ਹੇ ਤੋਂ ਜੈਪੁਰ ਦੇ ਰਾਮਬਾਗ ਪੈਲੇਸ ਪਹੁੰਚਿਆ।

ਵੈਂਸ ਭਾਰਤ ਦੇ ਚਾਰ ਦਿਨਾਂ ਦੌਰੇ ‘ਤੇ ਹਨ। ਉਨ੍ਹਾਂ ਨੇ ਸੋਮਵਾਰ ਨੂੰ ਦਿੱਲੀ ਵਿਖੇ ਸਵੇਰੇ ਅਕਸ਼ਰਧਾਮ ਮੰਦਰ ਵੇਖਿਆ, ਸ਼ਾਮ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ। ਇਸ ਤੋਂ ਬਾਅਦ ਉਹ ਕੱਲ੍ਹ ਰਾਤ ਹੀ ਜੈਪੁਰ ਪਹੁੰਚ ਗਏ ਸਨ।

# ਭਾਰਤੀ ਨਾਗਰਿਕ ’ਤੇ ਸਿੰਗਾਪੁਰ ਏਅਰਲਾਈਨ ਦੀ ਏਅਰ ਹੋਸਟੈੱਸ ਨਾਲ ਛੇੜਛਾੜ ਦੇ ਲੱਗੇ ਦੋਸ਼

ਸਿੰਗਾਪੁਰ, 22 ਅਪ੍ਰੈਲ (ਪੋਸਟ ਬਿਊਰੋ): ਸਿੰਗਾਪੁਰ ਦੀ ਇੱਕ ਅਦਾਲਤ ਵਿੱਚ ਮੰਗਲਵਾਰ ਨੂੰ ਇੱਕ ਭਾਰਤੀ ਨਾਗਰਿਕ ‘ਤੇ ਸਿੰਗਾਪੁਰ ਏਅਰਲਾਈਨ ਦੀ ਇੱਕ ਉਡਾਣ ਦੌਰਾਨ ਇੱਕ 28 ਸਾਲਾ ਕੈਬਿਨ ਕਰੂ ਮੈਂਬਰ ਨਾਲ ਛੇੜਛਾੜ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਦੋਸ਼ ਹੈ ਕਿ ਰਜਤ ਨਾਮੀ ਇਸ ਵਿਅਕਤੀ ਨੇ 28 ਫਰਵਰੀ ਨੂੰ ਸਵੇਰੇ 11.20 ਵਜੇ ਸਿੰਗਾਪੁਰ ਏਅਰਲਾਈਨਜ਼ ਦੀ ਉਡਾਣ ਦੌਰਾਨ ਕਥਿਤ ਤੌਰ ’ਤੇ ਸਟੂਅਰਡੈੱਸ (ਏਅਰ ਹੋਸਟੈੱਸ) ਨੂੰ ਪਿੱਛਿਓਂ ਫੜ੍ਹ ਲਿਆ ਅਤੇ ਆਪਣੇ ਨਾਲ ਟਾਇਲਟ ਵਿੱਚ ਖਿੱਚਣ ਦੀ ਕੋਸ਼ਿਸ਼ ਕੀਤੀ।

ਜਹਾਜ਼ ਦੇ ਚਾਂਗੀ ਹਵਾਈ ਅੱਡੇ ‘ਤੇ ਪਹੁੰਚਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਚੈਨਲ ‘ਨਿਊਜ਼ ਏਸ਼ੀਆ’ ਦੀ ਰਿਪੋਰਟ ਦੇ ਅਨੁਸਾਰ, ਅਦਾਲਤੀ ਦਸਤਾਵੇਜ਼ ਦਰਸਾਉਂਦੇ ਹਨ ਕਿ ਇਹ ਘਟਨਾ ਆਸਟ੍ਰੇਲੀਆ ਤੋਂ ਸਿੰਗਾਪੁਰ ਆਈ ਉਡਾਣ ਦੌਰਾਨ ਵਾਪਰੀ ਸੀ।

ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਹੋਏ 20 ਸਾਲਾ ਰਜਤ ਨੇ ਕਿਹਾ ਕਿ ਉਹ ਦੋਸ਼ ਮੰਨਣ ਦਾ ਇਰਾਦਾ ਰੱਖਦਾ ਹੈ। ਜਾਣਕਾਰੀ ਅਨੁਸਾਰ, ਰਜਤ ਦੇ ਮਾਮਲੇ ਦੀ ਅਗਲੀ ਸੁਣਵਾਈ 14 ਮਈ ਨੂੰ ਹੋਵੇਗੀ। ਸਿੰਗਾਪੁਰ ਦੇ ਕਾਨੂੰਨ ਮੁਤਾਬਕ ਛੇੜਛਾੜ ਦੇ ਹਰੇਕ ਦੋਸ਼ ਲਈ ਅਪਰਾਧੀ ਨੂੰ ਤਿੰਨ ਸਾਲ ਤੱਕ ਦੀ ਕੈਦ, ਜੁਰਮਾਨਾ ਅਤੇ ਨਾਲ ਹੀ ਬੈਂਤ ਮਾਰਨ ਦੀ ਸਜ਼ਾ ਹੋ ਸਕਦੀ ਹੈ।

PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA
416-669-1423
www.purbahomes.com

TechSpirit
Consultation, Installation & Servicing



Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1



1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

# ਯੂਪੀਐੱਸਸੀ ਵੱਲੋਂ ਸਿਵਲ ਸੇਵਾਵਾਂ ਪ੍ਰੀਖਿਆ 2024 ਦਾ ਅੰਤਿਮ ਨਤੀਜਾ ਜਾਰੀ, ਸ਼ਕਤੀ ਦੂਬੇ ਪਹਿਲੇ, ਹਰਸ਼ਿਤਾ ਗੋਇਲ ਦੂਜੇ ਅਤੇ ਅਰਚਿਤ ਤੀਜੇ ਸਥਾਨ ’ਤੇ



ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ): ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਸਿਵਲ ਸੇਵਾਵਾਂ ਪ੍ਰੀਖਿਆ 2024 ਦਾ ਅੰਤਿਮ ਨਤੀਜਾ ਜਾਰੀ ਕਰ ਦਿੱਤਾ ਹੈ। ਇੰਟਰਵਿਊ ਦੌਰ ’ਚ ਸ਼ਾਮਿਲ ਹੋਏ ਸਾਰੇ ਉਮੀਦਵਾਰ ਕਮਿ-ਸ਼ਨ ਦੀਆਂ ਅਧਿਕਾਰਤ ਵੈੱਬਸਾਈਟਾਂ ’ਤੇ ਜਾ ਕੇ ਨਤੀਜੇ ਦੇਖ ਸਕਦੇ ਹਨ। ਇਸ ’ਚ ਕੁੱਲ 1009 ਉਮੀਦਵਾਰਾਂ ਨੂੰ ਨਿਯੁਕਤੀ ਲਈ ਚੁਣਿਆ ਹੈ। ਪ੍ਰਯਾਗਰਾਜ, ਯੂਪੀ ਦੀ ਸ਼ਕਤੀ ਦੂਬੇ ਆਲ ਇੰਡੀਆ ਟੌਪਰ ਬਣ ਗਈ ਹੈ। ਸ਼ਕਤੀ ਨੇ ਇਲਾਹਾਬਾਦ ਯੂਨੀਵਰਸਿਟੀ ਤੋਂ ਬਾਇਓਕੈਮਿਸਟਰੀ ’ਚ ਗ੍ਰੈਜੂਏਸ਼ਨ ਕੀਤੀ ਹੈ। ਪ੍ਰੀਖਿਆ ‘ਚ ਰਾਜਨੀਤੀ ਸ਼ਾਸਤਰ ਅਤੇ ਅੰਤਰਰਾਸ਼ਟਰੀ ਸਬੰਧ ਸ਼ਕਤੀ ਦੇ ਵਿਕਲਪਿਕ ਵਿਸ਼ੇ ਸਨ।

ਕਮਿਸ਼ਨ ਨੇ ਕਿਹਾ ਹੈ ਕਿ 241 ਉਮੀਦਵਾਰਾਂ ਦੀ ਉਮੀਦਵਾਰੀ ਆਰਜ਼ੀ ਹੈ। ਇਸ ਦੇ ਨਾਲ ਹੀ ਇੱਕ ਉਮੀਦਵਾਰ ਦਾ ਨਤੀਜਾ ਰੋਕ ਦਿੱਤਾ ਗਿਆ ਹੈ। ਇਹ ਪ੍ਰੀਖਿਆ 1129 ਅਸਾਮੀਆਂ ਲਈ ਲਈ ਗਈ ਸੀ।

ਸੇਵਾ ਅਨੁਸਾਰ ਖਾਲੀ ਅਸਾਮੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

ਭਾਰਤੀ ਪ੍ਰਸ਼ਾਸਨਿਕ ਸੇਵਾ ਲਈ ਕੁੱਲ 180 ਅਸਾਮੀਆਂ

ਭਾਰਤੀ ਵਿਦੇਸ਼ ਸੇਵਾ ਲਈ 55 ਅਸਾਮੀਆਂ।

ਭਾਰਤੀ ਪੁਲਿਸ ਸੇਵਾ ਲਈ 147 ਅਸਾਮੀਆਂ।

ਕੇਂਦਰੀ ਸੇਵਾਵਾਂ ਸਮੂਹ ‘ਏ’ ਲਈ 605 ਅਸਾਮੀਆਂ।

ਕੇਂਦਰੀ ਸੇਵਾਵਾਂ ਸਮੂਹ ‘ਬੀ’ ਲਈ 142 ਅਸਾਮੀਆਂ।

ਕੁੱਲ 1009 ਉਮੀਦਵਾਰਾਂ ਦੀ ਨਿਯੁਕਤੀ ਲਈ ਸਿਫ਼ਾਰਸ਼ ਕੀਤੀ ਹੈ। ਜਿਸ ‘ਚ ਜਨਰਲ ਸ਼੍ਰੇਣੀ ਦੇ 335 ਉਮੀਦਵਾਰ, ਸ਼੍ਰੇਣੀ ਦੇ 109, ਓਬੀਸੀ ਦੇ 318, ਐਸਸੀ ਦੇ 160 ਅਤੇ ਐਸਟੀ ਸ਼੍ਰੇਣੀ ਦੇ 87 ਉਮੀਦਵਾਰ ਸ਼ਾਮਲ ਹਨ। ਸ਼ਕਤੀ ਦੂਬੇ ਨੇ ਪ੍ਰੀਖਿਆ ‘ਚ ਟਾਪ ਕੀਤਾ ਹੈ। ਜਦੋਂ ਕਿ, ਹਰਸ਼ਿਤਾ ਗੋਇਲ ਦੂਜੇ ਸਥਾਨ ‘ਤੇ ਅਤੇ ਡੋਂਗਰੇ ਅਰਚਿਤ ਪਰਾਗ ਤੀਜੇ ਸਥਾਨ ‘ਤੇ ਰਹੇ।

ਕਮਿਸ਼ਨ ਨੇ ਸਤੰਬਰ ਵਿੱਚ ਹੋਈ ਲਿਖਤੀ ਪ੍ਰੀਖਿਆ ਅਤੇ ਜਨਵਰੀ ਤੋਂ ਅਪ੍ਰੈਲ ਦੌਰਾਨ ਹੋਈ ਸ਼ਖਸੀਅਤ ਪ੍ਰੀਖਿਆ ਦੇ ਆਧਾਰ ‘ਤੇ ਚੁਣੇ ਗਏ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ ਹੈ। ਉਮੀਦਵਾਰਾਂ ਦੇ ਅੰਕ ਲਗਭਗ 15 ਦਿਨਾਂ ਬਾਅਦ ਜਾਰੀ ਕੀਤੇ ਜਾਣਗੇ।

# 5000 ਰੁਪਏ ਰਿਸ਼ਵਤ ਲੈਂਦਾ ਨਾਇਬ ਤਹਿਸੀਲਦਾਰ ਤੇ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਗ੍ਰਿਫ਼ਤਾਰ



ਚੰਡੀਗੜ੍ਹ 22 ਅਪ੍ਰੈਲ (ਪੋਸਟ ਬਿਊਰੋ): ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਬਠਿੰਡਾ ਦੇ ਸੰਗਤ ਮੰਡੀ ਵਿਖੇ ਤਾਇਨਾਤ ਨਾਇਬ ਤਹਿਸੀਲਦਾਰ ਨਿਰਮਲ ਸਿੰਘ ਅਤੇ ਪਟਵਾਰ ਹਲਕਾ ਕੋਟਗੁਰੂਕੇ ਵਿਖੇ ਤਾਇਨਾਤ ਪਟਵਾਰੀ ਗੁਰਤੇਜ ਸਿੰਘ ਨੂੰ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਬਠਿੰਡਾ ਦੇ ਸੰਗਤ ਕਸਬੇ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਕਿ-ਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਮਾਲ ਵਿਭਾਗ ਦੇ ਉਕਤ ਕਰਮਚਾਰੀਆਂ ਉਸਦੇ ਪਲਾਟ ਦੀ ਗਿਰਦਾਵਰੀ ਦਰਜ ਕਰਨ ਬਦਲੇ 10000 ਰੁਪਏ ਰਿਸ਼ਵਤ ਮੰਗੀ ਸੀ ਪਰ ਉਸ ਵੱਲੋਂ ਜ਼ੋਰ ਪਾਉਣ ਤੇ ਸੌਦਾ 8000 ਰੁਪਏ ਵਿੱਚ ਤੈਅ ਹੋਇਆ ਹੈ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਦੋਵਾਂ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਕਾਇਤਕਰਤਾ ਤੋਂ ਪਹਿਲੀ ਕਿਸ਼ਤ ਵਜੋਂ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਵਿਜੀਲੈਂਸ ਬਿਊਰੋ ਦੀ ਟੀਮ ਨੇ ਉਕਤ ਦੋਵਾਂ ਮੁਲਜ਼ਮਾਂ ਤੋਂ ਮੌਕੇ ਤੇ ਹੀ 2500-2500 ਰੁਪਏ ਬਰਾਮਦ ਕਰ ਲਏ।

ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਮੈਂ ਸਪੀਕਰ ਸੰਧਵਾਂ ਦੇ ਯਤਨਾਂ ਸਦਕਾ ਜ਼ਿੰਦਾ ਹਾਂ : ਕਰਮਜੀਤ ਕੌਰ

## ਕਰਮਜੀਤ ਕੌਰ ਨੇ ਸੁਣਾਈ ਠੱਗ ਟਰੈਵਲ ਏਜੰਟਾਂ ਦੇ ਚੁੰਗਲ ਵਿੱਚ ਫਸਣ ਦੀ ਸਾਰੀ ਵਿਥਿਆ



ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਾਡੀ ਸਰਕਾਰ ਅਮਰੀਕਾ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪਹੁੰਚੇ ਪੰਜਾਬ ਦੇ ਨੌਜਵਾਨਾਂ ਦੀ ਰੱਖਿਆ ਲਈ ਅਣਅਧਿਕਾਰਤ ਟਰੈਵਲ ਏਜੰਟਾਂ ਵਿਰੁੱਧ ਵੱਡੇ ਪੱਧਰ ’ਤੇ ਕਾਰਵਾਈ ਕਰ ਰਹੀ ਹੈ। ਹਾਲਾਂਕਿ, ਪੰਜਾਬ ਦੇ ਮਾਸੂਮ ਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਦੇਣ ਦਾ ਵਾਅਦਾ ਕਰਕੇ ਧੋਖਾ ਦੇਣ ਦਾ ਵਰਤਾਰਾ ਅਜੇ ਵੀ ਜਾਰੀ ਹੈ।

ਪਿੰਡ ਪੰਜਗਰ੍ਹੀ ਕਲਾਂ ਦੀ ਰਹਿਣ ਵਾਲੀ ਇੱਕ ਨੌਜਵਾਨ ਲੜਕੀ ਕਰਮਜੀਤ ਕੌਰ ਨੇ ਭਾਵੁਕ ਢੰਗ ਨਾਲ ਆਪਣੀ ਕਹਾਣੀ ਸੁਣਾਈ ਕਿ ਜੇਕਰ ਸਪੀਕਰ ਕੁਲਤਾਰ ਸਿੰਘ ਸੰਧਵਾਂ ਮਦਦ ਲਈ ਮਸੀਹਾ ਬਣ ਕੇ ਨਾ ਆਉਂਦੇ, ਤਾਂ ਉਸਨੇ ਖੁਦਕੁਸ਼ੀ ਕਰ ਲਈ ਹੁੰਦੀ। ਕਰਮਜੀਤ ਕੌਰ ਨੇ ਖੁਲਾਸਾ ਕੀਤਾ ਕਿ ਮੋਗਾ ਜ਼ਿਲ੍ਹੇ ਦੇ ਪਿੰਡ ਜਲਾਲਾਬਾਦ ਦੀ ਰਹਿਣ ਵਾਲੀ ਇੱਕ ਏਜੰਟ ਅਮਰਜੀਤ ਕੌਰ ਨੇ ਉਸ ਤੋਂ 15,000 ਰੁਪਏ ਲਏ ਅਤੇ ਉਸਨੂੰ ਟੂਰਿਸਟ ਵੀਜ਼ੇ ’ਤੇ ‘ਮਸਕਟ’ ਇਸ ਸ਼ਰਤ ’ਤੇ ਭੇਜ ਦਿੱਤਾ ਕਿ ਜੇਕਰ ਉਸਨੂੰ ਉੱਥੇ ਕੰਮ ਪਸੰਦ ਨਾ ਆਵੇ ਤਾਂ ਉਹ ਵਾਪਸ ਆ ਸਕਦੀ ਹੈ। ਇਸ ਤੋਂ ਇਲਾਵਾ, ਕਰਮਜੀਤ ਕੌਰ ਦਾ ਪਾਸ-ਪੋਰਟ ਅਤੇ ਮੋਬਾਈਲ ਫੋਨ ਕਬਜ਼ੇ ਵਿੱਚ ਲੈ ਲਿਆ ਗਿਆ।

ਉਸਨੇ ਅੱਗੇ ਦੱਸਿਆ ਕਿ ਇਸ ਧੋਖਾਧੜੀ ਰੈਕੇਟ ਦੀ ਅਸਲੀਅਤ ਉਦੋਂ ਸਾਹਮਣੇ ਆਈ ਜਦੋਂ ਮੈਂ ਨਿੱਜੀ ਤੌਰ ’ਤੇ ਦੇਖਿਆ ਕਿ 30 ਕੁੜੀਆਂ ਨੂੰ ਇੱਕ ਕਮਰੇ ਵਿੱਚ ਰਾਤ ਬਿਤਾਉਣ ਲਈ ਮਜਬੂਰ ਕੀਤਾ ਗਿਆ ਸੀ, ਜੋ ਕਈ ਵਾਰ ਬੇਵੱਸੀ ਕਾਰਨ ਭੁੱਖੀਆਂ-ਪਿਆਸੀਆਂ ਰਾਤ ਬਿਤਾਉਂਦੀਆਂ ਹਨ।” ਉਸਨੇ ਦੱਸਿਆ ਕਿ ਉੱਥੇ ਨੌਕਰੀ ਪ੍ਰਾਪਤ ਕਰਨ ਲਈ ਤੁਹਾਨੂੰ ਆਪਣੇ ਆਪ ਨੂੰ ਮੁਸਲਮਾਨ ਜਾਂ ਈਸਾਈ ਕੁੜੀ ਕਹਿਣਾ ਪੈਂਦਾ ਹੈ ਅਤੇ ਜਦੋਂ ਅਸੀਂ ਆਪਣੇ ਮਾਪਿਆਂ ਨਾਲ ਗੱਲ ਕੀਤੀ ਤਾਂ ਇੱਕ ਟੀਮ ਦੁਆਰਾ ਸਾਡੀ ਫ਼ੋਨ ਗੱਲਬਾਤ ਦੀ ਵੀ ਨਿਗਰਾਨੀ ਕੀਤੀ ਜਾਂਦੀ ਸੀ। ਸਾਨੂੰ ਸਿਰਫ਼ ਇਹ ਕਹਿਣ ਦੀ ਇਜਾਜ਼ਤ ਸੀ, ‘ਅਸੀਂ ਇੱਥੇ ਖੁਸ਼ਹਾਲ ਹਾਂ ਅਤੇ ਬਹੁਤ ਵਧੀਆ ਕੰਮ ਕਰ ਰਹੇ ਹਾਂ,’ ।

ਕਰਮਜੀਤ ਨੇ ਰੋਂਦਿਆਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ ਕੁੜੀਆਂ ਨੂੰ ਟਰੈਵਲ ਏਜੰਟਾਂ ਦੁਆਰਾ ਗੁੰਮਰਾਹ ਕੀਤਾ ਜਾਂਦਾ ਹੈ ਅਤੇ ਫਿਰ ‘ਮਸਕਟ’ ਵਰਗੇ ਦੇਸ਼ਾਂ ਵਿੱਚ ਵੇਚ ਦਿੱਤਾ ਜਾਂਦਾ ਹੈ। ਉਸਨੇ ਅੱਗੇ ਖੁਲਾਸਾ ਕੀਤਾ ਕਿ ਫਿਰ ਉਹ ਕੁੜੀਆਂ ਮਸਕਟ ਵਰਗੇ ਦੇਸ਼ਾਂ ਵਿੱਚ ਗੁਲਾਮ ਬਣ ਜਾਂਦੀਆਂ ਹਨ। ਮਾਪਿਆਂ ਨੂੰ ਉਨ੍ਹਾਂ ਕੁੜੀਆਂ ਦਾ ਅਤਾ-ਪਤਾ ਭਾਲਣਾ ਲਗਭਗ ਨਾਂਹ ਦੇ ਬਰਾਬਰ ਹੁੰਦਾ ਹੈ।

ਪੀੜਤ ਲੜਕੀ ਨੇ ਕਿਹਾ ਕਿ ਏਜੰਟ ਨੇ ਉਸ ਤੋਂ ਇੱਕ ਲੱਖ ਰੁਪਏ ਲੈ ਲਏ, ਅਤੇ ਸਾਰੀ ਰਕਮ ਪੰਜਾਬ ਸਥਿਤ ਇੱਕ ਬੈਂਕ ਦੇ ਖਾਤੇ ਵਿੱਚ ਜਮ੍ਹਾ ਕਰਵਾ ਗਈ। ਉਸਨੇ ਖਦਸ਼ਾ ਪ੍ਰਗਟ ਕੀਤਾ ਕਿ ਉਸਦੇ ਦਸਤਖਤ ਵਾਲੇ ਖਾਲੀ ਚੈੱਕ ਅਜੇ ਵੀ ਟਰੈਵਲ ਏਜੰਟ ਕੋਲ ਹਨ, ਜਿਨ੍ਹਾਂ ਦੀ ਟਰੈਵਲ ਏਜੰਟ ਵੱਲੋਂ ਦੁਰਵਰਤੋਂ ਕੀਤੀ ਜਾ ਸਕਦੀ ਹੈ। ਉਸਨੇ ਮਦਦ ਲਈ ਗੁਪਤ ਰੂਪ ਵਿੱਚ ਪੰਜਾਬ ਵਿਧਾਨ ਸਭਾ ਸਪੀਕਰ ਸੰਧਵਾਂ ਤੱਕ ਪਹੁੰਚ ਕੀਤੀ ਅਤੇ ਫਿਰ ਸਪੀਕਰ ਸਾਹਿਬ ਨੇ ਮੋਗਾ ਦੇ ਡੀਐਸਪੀ ਨਾਲ ਗੱਲ ਕੀਤੀ। ਹੁਣ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਯਤਨਾਂ ਨਾਲ ਕਰਮਜੀਤ ਕੌਰ ਆਪਣੇ ਘਰ ਵਾਪਸ ਆ ਗਈ ਹੈ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪੀੜਤ ਲੜਕੀ ਕਰਮਜੀਤ ਦੀ ਵਾਪਸੀ ਲਈ ਟਿਕਟ ਸਮੇਤ ਸਾਰਾ ਖਰਚਾ ਸਪੀਕਰ ਨੇ ਖੁਦ ਚੁੱਕਿਆ ਹੈ। ਕਰਮਜੀਤ ਕੌਰ ਦੇ ਪੂਰੇ ਪਰਿਵਾਰ ਕਹਿਣਾ ਹੈ ਕਿ ਅਸੀਂ ਹਮੇਸ਼ਾ ਸਪੀਕਰ ਦੇ ਰਿਣੀ ਰਹਾਂਗੇ।

# ਦਰਜਾ-4 ਕਰਮਚਾਰੀਆਂ ਨੂੰ ਵਿੱਤੀ ਸਾਲ 2025-26 ਲਈ ਕਣਕ ਖਰੀਦਣ ਵਾਸਤੇ 9,700 ਰੁਪਏ ਦਾ ਵਿਆਜ-ਮੁਕਤ ਕਰਜ਼ਾ ਮਿਲੇਗਾ : ਹਰਪਾਲ ਚੀਮਾ

## ਕਣਕ ਦੀ ਖਰੀਦ ਲਈ ਵਿਆਜ-ਮੁਕਤ ਕਰਜੇ ਵਿੱਚ ਤਿੰਨ ਸਾਲਾਂ ਦੌਰਾਨ 21.25% ਦਾ ਵਾਧਾ

ਚੰਡੀਗੜ੍ਹ, 22 ਅਪ੍ਰੈਲ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਮਾਜ ਦੇ ਹੇਠਲੇ ਵਰਗਾਂ ਨੂੰ ਉੱਚਾ ਚੁੱਕਣ ਲਈ ਵਚਨਬੱਧਤਾ ਤਹਿਤ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਵਿੱਤੀ ਸਾਲ 2025-26 ਲਈ ਦਰਜਾ-4 (ਗਰੁੱਪ-ਡੀ) ਦੇ ਕਰਮਚਾਰੀਆਂ ਲਈ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ ਹੈ।

ਇਥੇ ਜਾਰੀ ਪ੍ਰੈਸ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦਰਜਾ-4 ਮੁਲਾਜਮਾਂ ਲਈ ਇਸ ਮਹੱਤਵਪੂਰਨ ਵਿੱਤੀ ਸਹਾਇਤਾ ਵਿੱਚ ਲਗਾਤਾਰ ਵਾਧਾ ਕਰਦਿਆਂ ਕਣਕ ਖਰੀਦਣ ਵਾਸਤੇ ਵਿਆਜ ਮੁਕਤ ਕਰਜ਼ਾ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 21.25 ਫੀਸਦੀ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀ ਇਸ ਅਗਾਂਹਵਧੂ ਪਹੁੰਚ ਦੇ ਉਲਟ ਪਿਛਲੀ ਕਾਂਗਰਸ ਸਰਕਾਰ ਵੱਲੋਂ ਇਸ ਵਰਗ ਦੀ ਅਣਦੇਖੀ ਕੀਤੀ ਜਾਂਦੀ ਰਹੀ।

ਸਮਾਜ ਦੇ ਕਮਜ਼ੋਰ ਵਰਗਾਂ ਪ੍ਰਤੀ ਉਦਾਸੀਨਤਾ ਲਈ ਪਿਛਲੀ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਆਲੋਚਨਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿੱਤੀ ਸਾਲ 2019-20 ਅਤੇ 2020-21 ਦੇ ਚੁਣੌਤੀਪੂਰਨ ਕੋਵਿਡ-19 ਸਾਲਾਂ ਦੌਰਾਨ ਵੀ ਕਾਂਗਰਸ ਸਰਕਾਰ ਵੱਲੋਂ ਕੋਈ ਵਾਧਾ ਕੀਤੇ ਬਿਨਾ ਸਿਰਫ 7500 ਰੁਪਏ ਦਾ ਵਿਆਜ ਰਹਿਤ ਕਣਕ ਕਰਜੇ ਦੀ ਸਹੂਲਤ ਦਿੱਤੀ ਗਈ ਅਤੇ ਬਾਅਦ ਵਿੱਚ ਚੋਣ ਵਰ੍ਹੇ 2021-22 ਦੌਰਾਨ ਤਿੰਨ ਸਾਲਾਂ ਉਪਰੰਤ ਸਿਰਫ 500 ਰੁਪਏ ਦਾ ਮਾਮੂਲੀ ਵਾਧਾ ਕਰਦਿਆਂ ਇਸ ਕਰਜ਼ੇ ਦੀ ਰਕਮ ਨੂੰ 8000 ਰੁਪਏ ਕਰ ਦਿੱਤਾ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਦੇ ਮੁਕਾਬਲੇ 'ਆਪ' ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਦਰਜਾ-4 ਦੇ ਮੁਲਾਜ਼ਮਾਂ ਦੀ ਭਲਾਈ ਲਈ ਨਿਰੰਤਰ ਵਚਨਬੱਧਤਾ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵਿਆਜ ਮੁਕਤ ਕਰਜ਼ੇ ਦੀ ਰਕਮ ਨੂੰ ਵਿੱਤੀ ਸਾਲ 2023-24 ਲਈ ਵਧਾ ਕੇ 8500 ਰੁਪਏ, ਫਿਰ ਵਿੱਤੀ ਸਾਲ 2024-25 ਲਈ 9100 ਰੁਪਏ ਅਤੇ ਹੁਣ ਵਿੱਤੀ ਸਾਲ 2025-26 ਲਈ ਵਧਾ ਕੇ 9700 ਰੁਪਏ ਕਰ ਦਿੱਤਾ ਗਿਆ।




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜ਼ਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5’-3”, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਸਿੱਖਾਂ ਦੀਆਂ ਉਲੰਪਿਕ ਖੇਡਾਂ ਸਿਡਨੀ ਵਿੱਖੇ, ਅਗਲੇ ਵਰ੍ਹੇ ਮੈਲਬੌਰਨ ਵਿੱਚ ਮਿਲਣ ਦੇ ਵਾਅਦੇ ਨਾਲ ਸਮਾਪਤ

## 5 ਸਾਲ ਦਾ ਬੱਚਾ ਵੀ ਦੌੜਿਆ, 62 ਸਾਲ ਦੀ ਹਾਕੀ ਓਲੰਪੀਅਨ ਵੀ ਖੇਡੀ







ਸਿਡਨੀ, 22 ਅਪ੍ਰੈਲ (ਪੋਸਟ ਬਿਊਰੋ): ਸਿਡਨੀ ਵਿੱਚ ਦਿਨ ਐਤਵਾਰ ਦੇ ਮਾਹੌਲ ਵਿੱਚ ਹਰ ਪਾਸੇ ਗਹਿਮਾ ਗਹਿਮੀ ਸੀ, ਜਦੋਂ ਸਿੱਖਾਂ ਦੀਆਂ ਆਪਣੀਆਂ ਉਲੰਪਿਕ ਖੇਡਾਂ ਪੂਰੇ ਜਾਹੋ ਜਲਾਲ ਤੇ ਸਮਾਪਤੀ ਵੱਲ ਵੱਧ ਰਹੀਆਂ ਸਨ। ਆਖਿਰ ਸ਼ਾਮ ਨੂੰ ਸਿੱਖਾਂ ਦੀਆਂ ਉਲੰਪਿਕ ਖੇਡਾਂ ਅਗਲੇ ਵਰ੍ਹੇ ਮੈਲਬੌਰਨ ਵਿੱਚ ਮਿਲਣ ਦੇ ਵਾਅਦੇ ਨਾਲ ਖੱਟੀਆਂ ਮਿੱਠੀਆਂ ਯਾਦਾਂ ਛੱਡਦਾ ਸਿੱਖਾਂ ਦਾ ਖੇਡ ਮਹਾਕੁੰਭ ਸਮਾਪਤ ਹੋਇਆ ਅਤੇ ਸਿਡਨੀ ਵਾ- ਲਿਆ ਪ੍ਰਬੰਧਕਾਂ ਨੇ ਮੈਲਬੌਰਨ ਦੀ ਪ੍ਰਬੰਧਕੀ ਕਮੇਟੀ ਨੂੰ ਫਲੈਗ ਦੇਕੇ ਅੱਗਲੇ ਵਰ੍ਹੇ ਦੀ ਮੇਜ਼ਬਾਨੀ ਸੌਂਪੀ।

ਹਾਕੀ ਵਿੱਚ ਸਿੱਖ ਯੂਨਾਈਟਡ ਕਲੱਬ ਮੈਲਬੌਰਨ ਵਾਲਿਆ ਦੀ ਝੰਡੀ ਰਹੀ। ਸੀਨੀਅਰ ਵਰਗ ਵਿੱਚ ਸਿੱਖ ਯੂਨਾਈਟਡ ਕਲੱਬ ਨੇ ਸਿਡਨੀ ਲੋਇੰਜ਼ ਕਲੱਬ ਨੂੰ 2-1 ਗੋਲਾਂ ਨਾਲ ਹਰਾਕੇ ਖਿਤਾਬੀ ਜਿੱਤ ਹਾਸਲ ਕੀਤੀ। ਜੂਨੀਅਰ ਵਰਗ ਵਿੱਚ ਵੀ ਸਿੱਖ ਯੂਨਾਈਟਡ ਕਲੱਬ ਮੈਲਬੌਰਨ ਨੇ ਸਿਡਨੀ ਲੋਇੰਸ ਨੂੰ 1-1 ਦੀ ਬਰਾਬਰੀ ਤੋਂ ਬਾਅਦ ਸੂਟ ਆਊਟ ਵਿੱਚ 2-1 ਨਾਲ ਹਰਾਇਆ। ਸੀਨੀਅਰ ਵਰਗ ਵਿੱਚ ਸਿਡਨੀ ਦਾ ਕੀਰਤਿ ਸਿੰਘ ਹੀਰੋ ਆਫ ਦਾ ਟੂਰਨਾਮੈਂਟ, ਮੈਲਬੌਰਨ ਦਾ ਗੋਲਕੀਪਰ ਕਿਰਨਦੀਪ ਸਿੰਘ ਮੈਨ ਆਫ਼ ਦਾ ਮੈਚ ਬਣਿਆ। ਜੂਨੀਅਰ ਵਰਗ ਵਿੱਚ ਗੁਰਸਿਵਤੇਜ ਸਿੰਘ ਬਸਰਾ ਹੀਰੋ ਆਫ ਦਿ ਸਿੱਖ ਖੇਡਾਂ ਬਣਿਆਂ। ਕਬੱਡੀ ਵਿੱਚ ਵੇਸਟਰਨਸ ਖਾਲਸਾ ਕਲੱਬ ਸਿਡਨੀ ਚੜ੍ਹਤ ਰਹੀ। ਫਾਈਨਲ ਮੁਕਾਬਲੇ ਵਿੱਚ ਸਿਡਨੀ ਨੇ ਮੀਰੀ ਪੀਰੀ ਕਲੱਬ ਨੂੰ 48-25 ਅੰਕਾਂ ਨਾਲ ਹਰਾਇਆ। ਮਹੇਸ਼ੀ ਹਰਖੋਵਾਲ ਸਰਵੋਤਮ ਧਾਵੀ, ਜੱਗਾ ਚਿੱਟੀ ਵਧੀਆ ਜਾਫੀ ਚੁਣਿਆ ਗਿਆ। ਬਾਸਕਟਬਾਲ ਵਿੱਚ ਵੀ ਸਿਡਨੀ ਵਾਲਿਆ ਦਾ ਬੋਲਬਾਲਾ ਰਿਹਾ। ਫੁੱਟਬਾਲ ਵਿਚ ਰਿਕਾਰਡ ਖ਼ਿਡਾਰੀ 3000 ਦੇ ਕਰੀਬ, 183 ਟੀਮਾਂ, ਬੇਹਿਸਾਬਾ ਇਕੱਠ ਇੰਝ ਲੱਗਦਾ ਸੀ ,ਕਿ ਆਸਟ੍ਰੇਲੀਆ ਦੀਆਂ ਸਾਰੀਆਂ ਹੀ ਸਟੇਟਾ ਦੇ ਖਿਡਾਰੀ, ਖਿਡਾਰਨਾਂ ਹੀ ਕਿਸੇ ਨਾ ਕਿਸੇ ਰੂਪ ਵਿੱਚ ਚੈਂਪੀਅਨ ਵੀ ਬਣੇ ਅਤੇ ਹਾਰੇ ਵੀ ਅਤੇ ਪੂਰਾ ਮੇਲਾ ਫੁੱਟਬਾਲ ਵਾਲੇ ਲੁੱਟ ਕੇ ਲੈ ਗਏ। ਮਿਲਡੂਰਾ ਦੀ ਹਰਮਨ ਗਰੇਵਾਲ ਨੇ ਵੀ ਆਪਣੀ ਵਧੀਆ ਖੇਡ ਸਦਕਾ ਦਰਸ਼ਕਾਂ ਦੀ ਹੀਰੋ ਬਣੀ ਰਹੀ। ਅਥਲੈਟਿਕਸ ਵਿੱਚ 1 ਹਜ਼ਾਰ ਦੇ ਕਰੀਬ ਅਥਲੀਟਾਂ ਨੇ ਹਿੱਸਾ ਲਿਆ। ਅਸਲੈਟਿਕਸ ਮੁਕਾਬਲਿਆ ਦਾ ਵੱਖਰਾ ਹੀ ਨਜ਼ਾਰਾ ਸੀ। ਸਿੱਖ ਖੇਡਾਂ ਦੀ ਖਾਸੀਅਤ ਇਹ ਸੀ ਇਥੇ ਇਕ 5 ਸਾਲ ਦਾ ਬੱਚਾ ਵੀ ਦੌੜਿਆ ਅਤੇ 62 ਸਾਲ ਦੀ ਹਾਕੀ ਓਲੰਪਿਅਨ ਹਰਪ੍ਰੀਤ ਕੌਰ ਸ਼ੇਰਗਿਲ ਮੈਚ ਖੇਡ ਰਹੀ ਸੀ।

ਸਿੱਖਾਂ ਦੀਆਂ ਓਲੰਪਿਕ ਖੇਡਾਂ ਵਿੱਚ ਹਾਕੀ ਦਾ ਲਹਿੰਦੇ ਅਤੇ ਚੜਦੇ ਪੰਜਾਬ ਦਾ ਵੀ ਮੈਚ ਹੋਇਆ। ਜਿਸ ਵਿੱਚ ਪਾਕਿਸਤਾਨ ਦੇ ਚਾਰ ਓਲੰਪੀਅਨ ਪੱਧਰ ਦੇ ਖਿਡਾਰੀ ਉਮਰ ਭੁੱਟਾ, ਅਬਦੁੱਲਾ ਬਾਬਰ ਅਤੇ ਪੰਜਾਬ ਪੁਲਿਸ ਦਾ ਆਪਣੇ ਸਮੇਂ ਦਾ ਨਾਮੀ ਖਿਡਾਰੀ ਹਰਿੰਦਰ ਸਿੰਘ ਡਿੰਪੀ ਹੁਣ ਦਾ ਮੌਜੂਦਾ ਐੱਸ ਪੀ ਵੀ ਖੇਡਿਆ। ਜਿਸ ਵਿੱਚ ਲਹਿੰਦਾ ਪੰਜਾਬ 5-2 ਨਾਲ ਜੇਤੂ ਰਿਹਾ । ਹਰ ਖੇਡ ਮੈਦਾਨ ਚ ਖਿਡਾਰੀਆਂ ਦਾ ,ਦਰਸ਼ਕਾਂ ਦਾ ਆਪਣਾ ਹੀ ਨਜ਼ਾਰਾ ਵਿਝਿਆ ਹੋਇਆ ਸੀ। ਹਰ ਕੋਈ ਸਿੱਖੀ ਦੇ ਮਾਣ ਲਈ, ਪੰਜਾਬੀਅਤ ਦੀ ਪਹਿਚਾਣ ਲਈ ਖੇਡ ਰਿਹਾ ਸੀ ਹਰ ਪਾਸੇ ਲੰਗਰ ਪਾਣੀ ਦਾ ਪ੍ਰਬੰਧ ਬਹੁਤ ਵਧੀਆ ਸੀ , ਗੱਡੀਆਂ ਲਈ ਪਰਕਿੰਗ ਬਾਕਮਾਲ ਸੀ।

ਹਾਕੀ ਦੇ ਵਿੱਚ ਜਿੱਥੇ ਵੱਡੀ ਜਿੰਮੇਵਾਰੀ ਨਵਤੇਜ ਸਿੰਘ ਤੇਜਾ ਹੋਰਾਂ ਦੇ ਸਿਰ ਤੇ ਸੀ, ਉੱਥੇ ਰਘਬੀਰ ਬੱਲ ਜਗਪ੍ਰੀਤ ਸਿੰਘ ਛੀਨਾ, ਰਾਜਨਦੀਪ ਬੱਲ, ਰਣਦੀਪ ਸਿੰਘ ਬੁਤਾਲਾ, ਆਪਣੀ ਜਿੰਮੇਵਾਰੀ ਨੂੰ ਬਾਖੂਬੀ ਨਿਭਾ ਰਹੇ ਸਨ। 1980 ਮਾਸਕੋ ਓਲੰਪਿਕ ਦੇ ਗੋਲਡ ਮੈਡਲ ਜੇਤੂ ਸਟਾਰ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਹਰਿੰਦਰ ਸਿੰਘ ਡਿੰਪੀ , ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਵਜੋਂ ਹਾਕੀ ਮੈਚਾ ਦੌਰਾਨ ਆਪਣੀ ਭੂਮਿਕਾ ਨਿਭਾ ਰਹੇ ਸਨ। ਵਧੀਆ ਗੱਲ ਇਹ ਸੀ ਕਿ ਸਰਦਾਰ ਮਹਾਵੀਰ ਸਿੰਘ ਗਰੇਵਾਲ ਜੋ ਲੁਧਿਆਣਾ ਜਿਲਾ ਦੇ ਪਿੰਡ ਗੁਜਰਵਾਲ ਦੇ ਵਾਸੀ ਹਨ। ਜਿਨਾਂ ਨੇ ਆਸਟਰੇਲੀਆ ਵਿੱਚ ਸਾਲ 1986 ਵਿੱਚ ਸਿੱਖ ਖੇਡਾਂ ਦਾ ਜਾਗ ਲਾਇਆ ਉਹ ਵੀ ਬਜ਼ੁਰਗ ਅਵਸਥਾ ਵਿੱਚ ਹਾਕੀ ਮੈਚਾਂ ਦਾ ਆਨੰਦ ਲੈ ਰਹੇ ਸਨ ਉਹਨਾਂ ਨੂੰ ਪ੍ਰਬੰਧਕਾਂ ਵੱਲੋਂ ਵੱਡਾ ਮਾਣ ਸਤਿਕਾਰ ਦਿੱਤਾ ਗਿਆ। ਇਸ ਤੋਂ ਇਲਾਵਾ ਬੜੇ ਨਵੇਂ ,ਪੁਰਾਣੇ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਦੇ ਦਰਸ਼ਨ ਹੋਏ ਜਿਨਾਂ ਨੂੰ ਮਿਲ ਕੇ ਮਨ ਬਾਗੋ ਬਾਗ ਹੋ ਗਿਆ।

ਕਬੱਡੀ ਮੈਚਾਂ ਵਿੱਚ ਜਿੱਥੇ ਕਬੱਡੀ ਕਮੈਂਟੇਟਰ ਰੁਪਿੰਦਰ ਸਿੰਘ ਜਲਾਲ ,ਮੱਖਣ ਸਿੰਘ ਹਕੀਮਪੁਰ ਆਪਣੇ ਬੋਲਾਂ ਨਾਲ ਕਬੱਡੀ ਮੈਚਾਂ ਨੂੰ ਖਿੱਚ ਦਾ ਕੇਂਦਰ ਬਣਾ ਰਹੇ ਸਨ । ਉਥੇ ਆਸਟਰੇਲੀਆ ਵੱਸਦਾ ਰਣਜੀਤ ਸਿੰਘ ਖੈੜਾ ਦੁਨੀਆਂ ਦੇ ਨਾਮੀ ਕਮੈਂਟੇਟਰ ਜਸਦੇਵ ਸਿੰਘ ਵਾਂਗ ਆਪਣੀ ਕਮੈਂਟਰੀ ਨਾਲ ਹਰ ਮੈਦਾਨ ਵਿੱਚ ਆਪਣਾ ਵੱਖਰਾ ਅੰਦਾਜ਼ ਪੇਸ਼ ਕਰਕੇ ਲੋਕਾਂ ਦੇ ਕਿਸੇ ਦਾ ਕੇਂਦਰ ਬਣਿਆ ਹੋਇਆ ਸੀ। ਬਾਈ ਸਵਰਨ ਟਹਿਣਾ, ਹਰਮਨ ਥਿੰਦ, ਪਰਮਵੀਰ ਬਾਠ ਆਏ ਤਾਂ ਆਸਟ੍ਰੇਲੀਆ ਸਿੱਖ ਖੇਡਾਂ ਦੀ ਪੱਤਰਕਾਰੀ ਕਰਨ ਸਨ ਪਰ ਉਹਨਾਂ ਨੂੰ ਲੋਕਾਂ ਵੱਲੋਂ ਸਤਿਕਾਰ ਫਿਲਮੀ ਹੀਰੋਆਂ ਵਾਂਗ ਮਿਲ ਰਿਹਾ ਸੀ। ਪੰਜਾਬੀ ਸੱਥ ਵਿੱਚ ਪੰਜਾਬ ਦੇ ਵਿਰਸੇ ਨਾਲ ਸੰਬੰਧਿਤ ਆਸਟਰੇਲੀਆ ਦੇ ਮੁੰਡੇ ਕੁੜੀਆਂ ਨੇ ਬੜੀਆਂ ਵਧੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ ,ਉਹ ਵੀ ਲੋਕਾਂ ਲਈ ਖਿੱਚਦਾ ਕੇਂਦਰ ਰਹੀਆਂ । ਕੁੱਲ ਮਿਲਾ ਕੇ ਆਸਟਰੇਲੀਆ ਵੱਸਦਾ ਸਮੂਹ ਪੰਜਾਬੀ ਭਾਈਚਾਰਾ ਖਾਸ ਕਰਕੇ ਸਿਡਨੀ ਸਿੱਖ ਖੇਡਾਂ ਦੀ ਪ੍ਰਬੰਧ ਕਮੇਟੀ ਵਧਾਈ ਦਾ ਵਧਾਈ ਦੀ ਪਾਤਰ ਹੈ, ਜਿਨਾਂ ਨੇ ਇਹਨਾਂ ਵੱਡਾ ਖੇਡਾਂ ਦਾ ਮਹਾਂਕੁੰਭ ਜੋੜਿਆ ਫਿਰ ਸਫਲ ਕੀਤਾ ਅਤੇ ਇਤਿਹਾਸ ਦਾ ਪੰਨਾ ਰਚਿਆ ,ਜੋ ਅਗਲੇ ਵਰੇ ਹੋਣ ਵਾਲੀਆਂ ਮੈਲਬੌਰਨ ਸਿੱਖ ਉਲੰਪਿਕ ਖੇਡਾਂ ਲਈ ਇਕ ਪ੍ਰੇਰਨਾ ਸਰੋਤ ਬਣੇਗਾ। ਪਰਮ- ਾਤਮਾ ਕਰੇ ਸਿੱਖ ਉਲੰਪਿਕ ਖੇਡਾਂ ਦੀ ਰੀਤ ਆਸਟਰੇਲੀਆ ਤੋਂ ਉੱਠ ਕੇ ਪੂਰੀ ਉਸ ਦੁਨੀਆ ਵਿਚ ਫੈਲੇ ਜਿੱਥੇ ਜਿੱਥੇ ਪੰਜਾਬੀ ਵੱਸਦੇ ਹਨ । ਮੇਰੀ ਤਾਂ ਰੱਬ ਅੱਗੇ ਇਹੋ ਦੁਆ ਹੈ। ਆਸਟਰੇਲੀਆ ਵੱਸਦੇ ਪੰਜਾਬੀਉ, ਰੱਬ ਤੁਹਾਨੂੰ ਦਿਨੇ ਦੁਗਣੀਆਂ ,ਰਾਤ ਚੌਗਣੀਆਂ ਤਰੱਕੀਆਂ ਬਖਸ਼ੇ।

ਜਗਰੂਪ ਸਿੰਘ ਜਰਖੜ ਦੀ ਵਿਸ਼ੇਸ਼ ਰਿਪੋਰਟ।







# ਇੱਕ ਮਜ਼ਬੂਤ, ਆਤਮ-ਨਿਰਭਰ ਭਾਰਤ ਦੇ ਨਿਰਮਾਣ ਵਿੱਚ ਨੌਜਵਾਨਾਂ ਨੂੰ ਸਰਗਰਮ ਹਿੱਸੇਦਾਰ ਬਣਨਾ ਚਾਹੀਦਾ ਹੈ : ਲੋਕ ਸਭਾ ਸਪੀਕਰ

## ਲੋਕ ਸਭਾ ਸਪੀਕਰ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਪੰਜਾਬ ਵਿੱਚ ਸੰਬੋਧਨ ਕੀਤਾ



ਚੰਡੀਗੜ੍ਹ/ਨਵੀਂ ਦਿੱਲੀ, 22 ਅਪ੍ਰੈਲ (ਪੋਸਟ ਬਿਊਰੋ): ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਨੌਜਵਾਨਾਂ ਨੂੰ ਇੱਕ ਮਜ਼ਬੂਤ ਅਤੇ ਆਤਮ-ਨਿਰਭਰ ਭਾਰਤ ਦੇ ਨਿਰਮਾਣ ਵਿੱਚ ਸਰਗਰਮ ਹਿੱਸੇਦਾਰ ਬਣਨ ਲਈ ਹੱਲ੍ਹਾਸ਼ੇਰੀ ਦਿੱਤੀ। ਉਨ੍ਹਾਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ, ਨਵੀਨਤਾ ਅਤੇ ਆਲਮੀ ਲੀਡਰਸ਼ਿਪ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਅਤੇ ਲੋਕਤੰਤਰ, ਖੋਜ, ਕਾਨੂੰਨ ਨਿਰਮਾਣ ਅਤੇ ਤਕਨੀਕੀ ਤਰੱਕੀ ਵਿੱਚ ਹਿੱਸਾ ਲੈ ਕੇ ਭਾਰਤ ਦੀ ਵਿਕਾਸ ਗਾਥਾ ਵਿੱਚ ਅਰਥਪੂਰਨ ਯੋਗਦਾਨ ਪਾਉਣ ਦਾ ਸੱਦਾ ਦਿੱਤਾ।

ਸ਼੍ਰੀ ਬਿਰਲਾ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਦੇ ਸਾਲਾਨਾ ਸੱਭਿਆਚਾਰਕ ਉਤਸਵ ਅਤੇ ਅਧਿਐਨ ਗ੍ਰਾਂਟ ਪੁਰਸਕਾਰਾਂ ਮੌਕੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ, ਜੋ "ਇੱਕ ਭਾਰਤ ਅਤੇ ਇੱਕ ਵਿਸ਼ਵ" ਥੀਮ ਦੇ ਤਹਿਤ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਨੇ ਵਿਕਸਤ ਭਾਰਤ 2047 ਦੇ ਵਿਚਾਰ ਨੂੰ ਸਪੱਸ਼ਟ ਕੀਤਾ, ਜਿਸ ਵਿੱਚ ਆਰਥਿਕ ਵਿਕਾਸ, ਸਮਾਜਿਕ ਬਰਾਬਰੀ, ਵਿਸ਼ਵ ਲੀਡਰਸ਼ਿਪ ਅਤੇ ਸਥਿਰਤਾ ਸ਼ਾਮਲ ਹੈ। ਸਪੀਕਰ ਦੇ ਭਾਸ਼ਣ ਨੇ ਨੌਜਵਾਨਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਅਤੇ ਉਨ੍ਹਾਂ ਨੂੰ ਭਾਰਤ ਦੀ ਕਿਸਮਤ ਨੂੰ ਆਕਾਰ ਦੇਣ ਵਿੱਚ ਸਰਗਰਮ ਭਾਗੀਦਾਰ ਬਣਨ ਦੀ ਅਪੀਲ ਕੀਤੀ।

ਉਨ੍ਹਾਂ ਜ਼ਿਕਰ ਕੀਤਾ ਕਿ ਭਾਰਤ ਅੱਜ ਵਿਸ਼ਵ ਪੱਧਰ 'ਤੇ ਆਪਣੀ ਜੀਵੰਤ ਨੌਜਵਾਨ ਆਬਾਦੀ ਲਈ ਮਾਨਤਾ ਹਾਸਲ ਕਰ ਰਿਹਾ ਹੈ, ਜੋ ਸਾਰੇ ਖੇਤਰਾਂ - ਤਕਨਾਲੋਜੀ, ਸ਼ਾਸਨ, ਅਕਾਦਮਿਕਤਾ ਅਤੇ ਉੱਦਮਤਾ ਵਿੱਚ ਉੱਤਮਤਾ ਪ੍ਰਾਪਤ ਕਰ ਰਹੇ ਹਨ। ਸਪੀਕਰ ਨੇ ਵਿਦਿਆਰਥੀਆਂ ਨੂੰ ਦ੍ਰਿੜਤਾ ਨਾਲ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਇਮਾਨਦਾਰੀ, ਨਵੀਨਤਾ ਅਤੇ ਸੇਵਾ ਦੀ ਭਾਵਨਾ ਨਾਲ ਭਾਰਤ ਦੀ ਆਲਮੀ ਸਥਿਤੀ ਨੂੰ ਸਮ੍ਰਿੱਧ ਬਣਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਚਾਨਣਾ ਪਾਇਆ ਕਿ ਭਾਰਤੀ ਵਿਦਿਆਰਥੀ ਨਵੀਨਤਾ, ਵਿਭਿੰਨਤਾ ਅਤੇ ਆਲਮੀ ਲੀਡਰਸ਼ਿਪ ਦੀ ਭਾਵਨਾ ਨੂੰ ਦਰਸਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਰਚਨ- ਾਤਮਕਤਾ, ਨਵੀਨਤਾ, ਉੱਦਮੀ ਭਾਵਨਾ ਅਤੇ ਨੈਤਿਕ ਦ੍ਰਿੜਤਾ ਨਾਲ, ਭਾਰਤ ਦੇ ਨੌਜਵਾਨ ਇਸ ਦੇਸ਼ ਨੂੰ ਦੁਨੀਆ ਲਈ ਇੱਕ ਮਾਡਲ ਬਣਨ ਵੱਲ ਲਿਜਾ ਸਕਦੇ ਹਨ।

ਇਹ ਦੱਸਦੇ ਹੋਏ ਕਿ ਸਿੱਖਿਆ ਨੂੰ ਰਵਾਇਤੀ ਗਿਆਨ ਅਤੇ ਆਧੁਨਿਕ ਨਵੀਨਤਾ ਦਾ ਇੱਕ ਸੁਹਿਰਦ ਮਿਸ਼ਰਣ ਹੋਣਾ ਚਾਹੀਦਾ ਹੈ, ਸ਼੍ਰੀ ਬਿਰਲਾ ਨੇ ਤਕਨਾਲੋਜੀ ਅਤੇ ਸਮਕਾਲੀ ਗਿਆਨ ਪ੍ਰਣਾਲੀਆਂ ਦੀ ਪਰਿਵਰਤਨਸ਼ੀਲ ਸ਼ਕਤੀ ਨੂੰ ਅਪਣਾਉਂਦੇ ਹੋਏ ਸੰਸਕ੍ਰਿਤਕ ਜੜ੍ਹਾਂ ਨੂੰ ਸੁਰੱਖਿਅਤ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਜ਼ੋਰ ਦਿੱਤਾ ਕਿ ਭਾਰਤ ਦੀਆਂ ਪ੍ਰਾਚੀਨ ਵਿ- ਦਅਕ ਪਰੰਪਰਾਵਾਂ ਵਿੱਚ ਸਮਾਈਆਂ ਸਦੀਵੀ ਕਦਰਾਂ ਕੀਮਤਾਂ ਨੂੰ ਉਸ ਬੁਨਿਆਦ ਵਜੋਂ ਕੰਮ ਕਰਨਾ ਚਾਹੀਦਾ ਹੈ, ਜਿਸ 'ਤੇ ਵਿਗਿਆਨ, ਤਕਨਾਲੋਜੀ ਅਤੇ ਸਿੱਖਿਆ ਸ਼ਾਸਤਰ ਵਿੱਚ ਆਧੁਨਿਕ ਤਰੱਕੀ ਦਾ ਨਿਰਮਾਣ ਹੁੰਦਾ ਹੈ। ਤੇਜ਼ੀ ਨਾਲ ਵਿਕਸਿਤ ਹੋ ਰਹੇ ਆਲਮੀ ਦ੍ਰਿਸ਼ਟੀਕੋਣ ਵਿੱਚ, ਇਹ ਲਾਜ਼ਮੀ ਹੈ ਕਿ ਸਿੱਖਿਆ ਪ੍ਰਣਾਲੀ ਨਾ ਸਿਰਫ਼ ਹੁਨਰਮੰਦ ਪੇਸ਼ੇਵਰਾਂ ਦਾ ਪੋਸ਼ਣ ਕਰੇ, ਸਗੋਂ ਸਮਾਜਿਕ ਤੌਰ 'ਤੇ ਚੇਤੰਨ ਨਾਗਰਿਕਾਂ ਦਾ ਵੀ ਪੋਸ਼ਣ ਕਰੇ, ਜੋ ਵਿਰਾਸਤ ਨਾਲ ਜੁੜੇ ਹਨ ਅਤੇ ਭਵਿੱਖ ਨੂੰ ਆਕਾਰ ਦੇਣ ਲਈ ਤਿਆਰ ਹਨ। ਉਨ੍ਹਾਂ ਨੇ ਨੌਜਵਾਨਾਂ ਵਿੱਚ ਰਾਸ਼ਟਰੀ ਪਛਾਣ, ਆਲਮੀ ਦ੍ਰਿਸ਼ਟੀਕੋਣ ਅਤੇ ਸਮਾਜਿਕ ਵਚਨਬੱਧਤਾ ਦੇ ਅਧਾਰ 'ਤੇ ਉਦੇਸ਼ ਦੀ ਭਾਵਨਾ ਵਿਕਸਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਭਾਰਤ ਦੀ ਵਿਦਿਅਕ ਤਰੱਕੀ ਦੇ ਪ੍ਰਤੀਕ ਵਜੋਂ ਐੱਲਪੀਯੂ ਦੀ ਸ਼ਲਾਘਾ ਕਰਦੇ ਹੋਏ, ਸ਼੍ਰੀ ਬਿਰਲਾ ਨੇ ਕਿਹਾ ਕਿ ਯੂਨੀਵਰਸਿਟੀ ਅਨੇਕਤਾ ਵਿੱਚ ਏਕਤਾ ਦੀ ਭਾਵਨਾ ਨੂੰ ਦਰਸਾਉਂਦੀ ਹੈ। ਉਨ੍ਹਾਂ ਐੱਲਪੀਯੂ ਨੂੰ ਦੇਸ਼ ਦੀ ਸੱਭਿਆਚਾਰਕ ਅਮੀਰੀ ਦਾ ਇੱਕ ਅਸਲ ਸੂਖਮ ਜਗਤ ਆਖਿਆ, ਜਿੱਥੇ ਹਰ ਭਾਰਤੀ ਰਾਜ ਅਤੇ 50 ਤੋਂ ਵੱਧ ਦੇਸ਼ਾਂ ਦੇ ਵਿਦਿਆਰਥੀ ਦੋਸਤੀ ਅਤੇ ਆਪਸੀ ਸਤਿਕਾਰ ਦੇ ਮਾਹੌਲ ਵਿੱਚ ਇਕੱਠੇ ਪੜ੍ਹਦੇ ਹਨ। ਉਨ੍ਹਾਂ ਕਿਹਾ ਕਿ ਐੱਲਪੀਯੂ ਸਮੇਂ ਨਾਲ ਵਿਕਸਿਤ ਹੋ ਰਹੀਆਂ ਲੋੜਾਂ ਦੇ ਅਨੁਸਾਰ ਲਗਾਤਾਰ ਢਲਿਆ ਹੈ, ਭਾਰਤੀ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਬਰਕਰ- ਾਰ ਰੱਖਦੇ ਹੋਏ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕੀਤੀਆਂ ਹਨ। "ਇੱਕ ਭਾਰਤ, ਇੱਕ ਵਿਸ਼ਵ" ਵਰਗੇ ਸਮਾਗਮਾਂ ਦੀ ਭਾਰਤ ਦੇ ਸੱਭਿਅਤਾਵਾਦੀ ਦਰਸ਼ਨ, 'ਵਸੁਧੈਵ ਕੁਟੁੰਬਕਮ - ਦੁਨੀਆ ਇੱਕ ਪਰਿਵਾਰ' ਦੀਆਂ ਸ਼ਾਨਦਾਰ ਉਦਾਹਰਣਾਂ ਵਜੋਂ ਸ਼ਲਾਘਾ ਕੀਤੀ। ਸਪੀਕਰ ਨੇ ਅੱਗੇ ਕਿਹਾ ਕਿ ਅੱਜ ਆਪਸ ਵਿੱਚ ਜੁੜੇ ਹੋਏ ਜਿਸ ਸੰਸਾਰ ਵਿੱਚ ਅਸੀਂ ਰਹਿੰਦੇ ਹਾਂ, ਭਾਰਤ ਦੇ ਨੌਜਵਾਨਾਂ ਨੂੰ ਰਾਸ਼ਟਰੀ ਸਰਹੱਦਾਂ ਤੋਂ ਪਰ੍ਹੇ ਸੋਚਣਾ ਚਾਹੀਦਾ ਹੈ। ਸਪੀਕਰ ਨੇ ਚਾਨਣਾ ਪਾਇਆ ਕਿ ਉਨ੍ਹਾਂ ਨੂੰ ਭਾਰਤੀ ਦਿਲ ਵਾਲੇ ਆਲਮੀ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਇਹੀ 'ਇੱਕ ਭਾਰਤ ਅਤੇ ਇੱਕ ਵਿਸ਼ਵ' ਹੈ।

ਸ਼੍ਰੀ ਓਮ ਬਿਰਲਾ ਨੇ ਭਾਰਤ ਦੇ ਭਵਿੱਖ ਲਈ ਆਪਣੀ ਉਮੀਦ ਅਤੇ ਨੌਜਵਾਨ ਪੀੜ੍ਹੀ ਵਿੱਚ ਆਪਣੇ ਡੂੰਘੇ ਭਰੋਸੇ ਨੂੰ ਦੁਹਰਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਿਵੇਂ-ਜਿਵੇਂ ਅਸੀਂ 2047 ਵੱਲ ਵਧ ਰਹੇ ਹਾਂ, ਆਓ ਅਸੀਂ ਇੱਕ ਅਜਿਹਾ ਭਾਰਤ ਬਣਾਉਣ ਦਾ ਵਾਅਦਾ ਕਰੀਏ, ਜੋ ਸਿਰਫ਼ ਵਿਕਸਿਤ ਹੀ ਨਹੀਂ ਸਗੋਂ ਨਿਆਂਪੂਰਨ, ਸਮਾਵੇਸ਼ੀ, ਦਿਆਲੂ ਅਤੇ ਬੁੱਧੀਮਾਨ ਵੀ ਹੋਵੇ ਅਤੇ ਆਓ ਅਸੀਂ ਇੱਕ ਅਜਿਹੀ ਦੁਨੀਆ ਲਈ ਕੰਮ ਕਰੀਏ, ਜਿੱਥੇ ਭਾਰਤ ਕਦਰਾਂ-ਕੀਮਤਾਂ ਨਾਲ ਅਗਵਾਈ ਕਰੇ ਅਤੇ ਜਿੱਥੇ ਹਰ ਭਾਰਤੀ ਆਲਮੀ ਭਲਾਈ ਵਿੱਚ ਯੋਗਦਾਨ ਪਾਵੇ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ 50 ਤੋਂ ਵੱਧ ਦੇਸ਼ਾਂ ਦੇ ਵਿਦਿਆਰਥੀ, ਫੈਕਲਟੀ ਮੈਂਬਰ, ਅਕਾਦਮਿਕ ਆਗੂ ਅਤੇ ਪਰਿਵਾਰ ਸ਼ਾਮਲ ਸਨ। ਸ਼੍ਰੀ ਬਿਰਲਾ ਨੇ ਗ੍ਰੈਜੂਏਟ ਹੋਣ ਵਾਲੀ ਕਲਾਸ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਪੇਸ਼ੇਵਰ ਸਫ਼ਰਾਂ ਵਿੱਚ ਅਨੁਸ਼ਾਸਨ, ਦ੍ਰਿੜਤਾ ਅਤੇ ਏਕਤਾ ਦੀਆਂ ਕਦਰਾਂ-ਕੀਮਤਾਂ ਨੂੰ ਲੈ ਕੇ ਜਾਣ ਅਤੇ ਆਪਣੀਆਂ ਜੜ੍ਹਾਂ ਨਾਲ ਡੂੰਘਾਈ ਤੋਂ ਜੁੜੇ ਰਹਿੰਦਿਆਂ ਉੱਤਮਤਾ ਲਈ ਯਤਨ ਕਰਨ ਲਈ ਉਤਸ਼ਾਹਿਤ ਕੀਤਾ।

ਇਸ ਮੌਕੇ ਸੰਸਦ ਮੈਂਬਰ ਅਸ਼ੋਕ ਮਿੱਤਲ ਅਤੇ ਹੋਰ ਪਤਵੰਤੇ ਇਸ ਮੌਕੇ 'ਤੇ ਮੌਜੂਦ ਸਨ।

## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: **416-371-7777**
j.aujla@rogers.com www.jagaujla.com

**CALL JAG FOR A QUICK & FREE HOME EVALUATION**
www BramptonTopRealtor.com www BramptonTopAgent.com

**URGENTLY NEED NEW LISTINGS IN THIS AREA**

**RECENTLY LISTED/SOLD IN YOUR NEIGHBOURHOOD BY JAG AUJLA**

**NEW Listing in *MISSISSAUGA***
Winston Churchill/Collegeway/Council Ring



Approx. 2000 sq.ft. ਸੈਮੀ-ਡਿਟੈਚਡ ਹਾਊਸ, 4+2 ਬੈਡਰੂਮ, 3 ਵਾਸ਼ਰੂਮ 2 ਬੈਡਰੂਮ ਫਿਨੀਸ਼ਡ ਬੇਸਮੇਂਟ,3 ਕਾਰ ਪਾਰਕਿੰਗ। No ਕਾਰਪੇਟ। Eat-in ਕੀਁਚਨ with Granite ਕਾਊਂਟਰਟੋਪ। Family Rm with Fireplace, Stainless Steel Appliances. Spacious Living Rm & Bed Rms. Close to Hwy 403 , QEW , Hwy 407

**NEW Listing in *BRAMPTON***
James Potter/Queen/Bonnie Brae



Approx. 3000-3500 sq.ft. ਡਿਟੈਚਡ ਹਾਊਸ, 5+2 ਬੈਡਰੂਮ+Office+ 5 ਵਾਸ਼ਰੂਮ, 2 ਬੈਡਰੂਮ ਫਿਨੀਸ਼ਡ Lookout ਬੇਸਮੇਂਟ,6 ਕਾਰ ਪਾਰਕਿੰਗ। No ਕਾਰਪੇਟ। Double Door Entry, ਕੀਁਚਨ with Granite ਕਾਊਂਟਰਟੋਪ। Oak staircase, ਮਾਸਟਰ ਬੈਡਰੂਮ with 5-ਪੀਸ ਇਨਸੂਇਟ, All Bdrms connected to Wash Rms.

**Listed in *BRAMPTON***
Bovaird/Mclaughlin/Fletchers Creek



2000 sq.ft. ਸੈਮੀ-ਡਿਟੈਚਡ ਹਾਊਸ 4+1 ਬੈਡਰੂਮ + 4 ਵਾਸ਼ਰੂਮ, 1 ਬੈਡਰੂਮ ਫਿਨੀਸ਼ਡ ਬੇਸਮੇਂਟ with separate entrance. Double door entry, ਮਾਸਟਰ ਬੈਡਰੂਮ with 5-ਪੀਸ ਇਨਸੂਇਟ, Walk-in ਕਲੌਜਿਟ, Laundary on 2nd ਫਲੋਰ ਅਤੇ ਬੇਸਮੇਂਟ। Newly ਅਪਗਰੇਡੀਡ।

**NEW Listing in *BRAMPTON***
Hwy 10/Sandalwood/Braidwood



50 ਫੁੱਟ ਦਾ ਡਿਟੈਚਡ ਹਾਊਸ Approx. 2500sq.ft. 4 ਬੈਡਰੂਮ + 3 ਵਾਸ਼ਰੂਮ, $70K ਦੇ ਅਪਗਰੇਡ, ਮਾਸਟਰ ਬੈਡਰੂਮ with 4-ਪੀਸ ਇਨਸੂਇਟ ਅਤੇ Walk-in ਕਲੌਜਿਟ, No ਕਾਰਪੇਟ, 6 ਪਾਰਕਿੰਗ, Quartz ਕਾਊਂਟਰਟੋਪ, 64"Built-in Fridge, Extra furnance, Heated Garage, Sec camera, storage in backyard.

**NEW Listing in *BRAMPTON***
Chinguacousy/Williams Pkwy/Bovaird



ਡਿਟੈਚਡ ਹਾਊਸ Approx. 2000sq.ft., 4+1 ਬੈਡਰੂਮ +4 ਵਾਸ਼ਰੂਮ, ਫਿਨੀਸ਼ਡ ਬੇਸਮੇਂਟ with 1 ਬੈਡ+Rec Rm+4pc ਵਾਸ਼ਰੂਮ, ਡਬਲ-ਡੋਰ entrance, ਮਾਸਟਰ ਬੈਡਰੂਮ with 5-ਪੀਸ ਇਨਸੂਇਟ ਅਤੇ Walk-in ਕਲੌਜਿਟ, Electric Fireplace, Extended concreted ਡਰਾਈਵੇਅ, storage in backyard, pond & more.

**Listed in *MISSISSAUGA***
Burnhamthorpe/Confederation



900-999 sq.ft. ਲੇਕ ਵੀਊ, 2 ਬੈਡਰੂਮ + 1 ਵਾਸ਼ਰੂਮ ਵੱਡੀਆਂ ਕੀਁਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ, Huge ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One, Celebration Square, Grand Park Plaza, Sheridan College, YMCA & much more.

**FREE**

- ✓ Full MLS Services
- ✓ Consistently Marketing Your Property Until SOLD
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold
- ✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232

Call **JAG AUJLA** DIR: **416-371-7777**
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022



**The Mortgage Centre**
We work for you, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

**Rexdale Financial Services**






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017